لَآ اِلٰهَ اِلَّا اللّٰهُ مُحَمَّدٌ رَّسُوْلُ اللّٰهِ

# ਅਹਮਦੀਆ ਮੁਸਲਿਮ ਜਮਾਤ ਬਾਰੇ ਜਾਨਕਾਰੀ

**ਸੰਪਾਦਕ**

ਸ਼੍ਰੀਮਾਨ ਮੌਲਾਨਾ ਮੁਹਮੱਦ ਕਰੀਮੁੱਦੀਨ ਸ਼ਾਹਿਦ

**ਅਨੁਵਾਦਕ**

ਸ਼ਮਸ਼ਾਦ ਅਹਮਦ ਅਦਨ ਗਿਆਨੀ, ਬੀ.ਐਡ

بِسْمِ اللّٰهِ الرَّحْمٰنِ الرَّحِيْمِ ــــــــ نَحْمَدُهٗ وَنُصَلِّىْ عَلٰى رَسُوْلِهِ الْكَرِيْمِ
وَعَلٰى عَبْدِهِ الْمَسِيْحِ الْمَوْعُوْدِ

## ਬਿਸਮਿਲੱਾ ਹਿਰੱਹਮਾਨਿਰ ਰਹੀਮ

ਅਹਮਦੀਆ ਮੁਸਲਿਮ ਜਮਾਤ ਨ ਤਾਂ ਕੋਈ ਰਾਜਨਿਤਿਕ ਪਾਰਟੀ ਹੈ ਅਤੇ ਨ ਹੀ ਆਮ ਦੁਨੀਆਵੀ ਸੁਸਾਈਟੀਆਂ ਵਾਂਗ ਕੋਈ ਅਜਿਹੀ ਸੁਸਾਈਟੀ ਹੈ ਜੋ ਕੁਝ ਕੁ ਸੁਧਾਰ ਦੇ ਕੰਮ ਲੈਕੇ ਅਰੰਭ ਹੋਈ ਹੋਵੇ । ਇਹ ਕੋਈ ਅਜਿਹਾ ਸੰਸਾਰਕ ਪ੍ਰਬੰਧ ਵੀ ਨਹੀਂ ਜਿਸਦਾ ਮੰਤਵ ਕੋਈ ਵਿਸ਼ੇਸ਼ ਸਕੀਮ ਦਾ ਅਰੰਭ ਕਰਨਾ ਹੋਵੇ । ਸਗੋਂ ਜਮਾਤ ਅਹਮਦੀਆ ਖ਼ਾਲਸ ਧਾਰਮਕ ਅਤੇ ਇਲਾਹੀ ਜਮਾਤ ਹੈ । ਰੱਬ ਦੇ ਹੁਕਮ ਰਾਹੀਂ 23 ਮਾਰਚ 1889 ਈ. ਨੂੰ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਨੇ ਇਸ ਦੀ ਨੀਂਹ ਰੱਖੀ । ਇਹ ਕੋਈ ਨਵਾਂ ਦੀਨ ਜਾਂ ਧਰਮ ਵੀ ਨਹੀਂ ਹੈ । ਸਗੋਂ ਹਕੀਕੀ ਇਸਲਾਮ ਹੈ ਜਾਂ ਹੋਰਨਾ ਸ਼ਬਦਾਂ ਵਿੱਚ ਇਸਲਾਮ ਦਾ ਪੁਨਰਉਥੱਾਨ ਅਰਥਾਤ RENAISSANCE ਹੈ, ਜਾਂ ਅਸੀਂ ਇਉਂ ਵੀ ਆਖ ਸਕਦੇ ਹਾਂ ਕਿ ਅਹਮਦੀਆ ਮੁਸਲਿਮ ਜਮਾਤ ਧਾਰਮਕ ਗਿਆਨ ਦੀਆਂ ਬੁਨਿਆਦੀ ਤੇ ਉਸੂਲੀ ਸਚੱਾਈਆਂ ਨੂੰ ਮਨਵਾਉਣ ਲਈ ਅਤੇ ਉਹਨਾਂ ਤੇ ਅਮਲ ਕਰਵਾਉਣ ਦੀ ਇਕ ਕਿਰਿਆਤਮਕ ਤੇ ਸਰਗਰਮ ਇਲਾਹੀ ਤਹਰੀਕ ਹੈ । ਇਹ ਪਵਿਤੱਰ ਜਮਾਤ ਉਹਨਾਂ ਹੀ ਅਵਸਥਾਵਾਂ ਤੇ ਪਿੱਠ ਭੂਮਿ ਵਿੱਚ ਕਾਇਮ ਕੀਤੀ ਗਈ ਜਿਨ੍ਹਾਂ ਸਬਬਾਂ ਤੇ ਵਾਤਾਵਰਣ ਵਿੱਚ ਅਰੰਭ ਤੋਂ ਅੱਜ ਤੱਕ ਰੱਬ ਦੀਆਂ ਕਾਇਮ ਕੀਤੀਆਂ ਜਮਾਤਾਂ ਵੁਜੂਦ ਵਿੱਚ ਆਉਂਦੀਆਂ ਰਹੀਆਂ ਹਨ । ਅਰਥਾਤ ਜੱਦ ਵੀ ਧਰਤੀ ਵਿੱਚ ਫ਼ਸਾਦ ਤੇ ਉਪੱਦ੍ਰਵ ਵੱਧ ਗਿਆ, ਧਰਮ ਦੀ ਥਾਂ ਅਧਰਮ ਨੇ ਲੈ ਲਈ, ਧਰਤੀ ਦਾ ਚੱਪਾ ਚੱਪਾ ਮਨੁੱਖਤਾ ਤੇ ਆਤਮਕਤਾ ਤੋਂ ਸੱਖਣਾ ਹੋ ਗਿਆ, ਉਦੋਂ ਰੱਬ ਆਪਣੇ ਨਬੀਆਂ, ਰਸੂਲਾਂ, ਰਿਸ਼ੀਆਂ, ਮੁਨੀਆਂ ਅਤੇ ਅਵਤਾਰਾਂ ਨੂੰ ਦੁਨੀਆ ਦੇ ਸੁਧਾਰ ਲਈ ਭੇਜਦਾ ਰਿਹਾ । ਠੀਕ ਉਸੇ ਪ੍ਰਕਾਰ ਦੀ ਅਵਸਥਾ ਸਾਨੂੰ ਉਨ੍ਹੀਂਵੀਂ

ਸਦੀ ਵਿੱਚ ਨਜ਼ਰ ਆਉਂਦੀ ਹੈ, ਕਿਉਂਕਿ ਇਹੋ ਉਹ ਸਮਾਂ ਹੈ ਜੱਦ ਸਾਈਂਸ ਅਤੇ ਟੈਕਨਾਲੋਜੀ ਦੇ ਸਿੱਟੇ ਵਿੱਚ ਯੁਰੋਪ ਅਤੇ ਅਮਰੀਕਾ ਵਿੱਚ ਨਵੀਆਂ ਨਵੀਆਂ ਕਾਢਾਂ ਪ੍ਰਗਟ ਹੋ ਰਹੀਆਂ ਸਨ । ਨਵੀਆਂ ਮਸ਼ੀਨਰੀਆਂ ਨਾਲ ਵਪਾਰ ਵੱਧ ਰਿਹਾ ਸੀ ਆਵਾਜਾਈ ਤੇ ਸਿੱਖਿਆ ਦੇ ਸਾਧਨ ਤੀਬਰਤਾ ਨਾਲ ਵੱਧ ਰਹੇ ਸਨ । ਜਿਸ ਕਰਕੇ ਪੂਰਬ ਤੇ ਪਛੱਮ ਵਿੱਚ ਧਾਰਮਕ ਪੱਖੋਂ ਇਨਕਲਾਬ ਪੈਦਾ ਹੋ ਰਿਹਾ ਸੀ । ਯੁਰੋਪ ਵਿੱਚ ਈਸਾਈਆਂ ਦੇ ਮੁਢੱਲੇ ਅਕੀਦਿਆਂ ਦੇ ਖ਼ਿਲਾਫ਼ ਆਨਦੋਲਨ ਹੋਣ ਕਰਕੇ ਥਿਯੋਸੋਫ਼ੀਕਲ ਸੁਸਾਈਟੀ ਦੀ ਨੀਂਹ ਪਈ । ਬੁੱਧੀ ਜੀਵੀਆਂ ਕਰਕੇ ਨੈਚੁਰਲ ਜਾਂ ਨੈਚੁਰਲੀਜ਼ਮ ਦੀ ਤਹਰੀਕ ਅਰੰਭ ਹੋਈ ਜੋ ਡੀ ਇਜ਼ਮ (DEISM) ਦੇ ਨਾਂ ਨਾਲ ਸਾਹਮਣੇ ਆਈ । ਇਸੇ ਕਾਲ ਵਿੱਚ ਸਾਡੇ ਦੇਸ਼ ਭਾਰਤ ਵਿੱਚ ਵੀ ਇਸਲਾਮ ਦੇ ਸੁਭਾਵਕ ਤੇ ਪੈਰ੍ਹਵੀ ਯੋਗ ਅਕੀਦਿਆਂ ਦੇ ਪ੍ਰਭਾਵ ਹੇਠ ਬ੍ਰਿਟਿਸ਼ ਹਕੂਮਤ ਦੀ ਸਥਾਪਨਾ ਅਤੇ ਪਛੱਮੀ ਵਿਚਾਰਧਾਰਾ ਅਧੀਨ ਧਾਰਮਕ ਜਾਗ੍ਰਿਤੀ ਪੈਦਾ ਹੋ ਰਹੀ ਸੀ । ਇਸੇ ਕਰਕੇ ਹੀ ਬੰਗਾਲ ਵਿੱਚ ਰਾਜਾ ਰਾਮ ਮੋਹਨ ਰਾਏ ਸਾਹਬ ਨੇ ਹਿੰਦੂਇਜ਼ਮ ਵਿੱਚ ਸੁਤੰਤਰ ਵਿਚਾਰਧਾਰਾ ਦੀ ਤਹਰੀਕ ਅਰੰਭ ਕੀਤੀ । ਫਿਰ ਮਿਸਟਰ ਕਸ਼ਿਯਪ ਚੰਦਰ ਜੀ ਨੇ ਬਰਹਮੂ ਸਮਾਜ ਦੀ ਨੀਂਹ ਰੱਖੀ । ਇਸ ਤੋਂ ਬਿਨਾਂ ਸਵਾਮੀ ਦਯਾਨੰਦ ਜੀ ਨੇ ਆਰਯਾ ਸਮਾਜ ਦੀ ਸਥਾਪਨਾ ਕੀਤੀ ।

ਸੰਖੇਪ ਇਹ ਕਿ ਪਛੱਮ ਦੀ ਥਿਯੋਸੋਫੀਕਲ ਸੁਸਾਈਟੀ ਹੋਵੇ ਜਾਂ ਡੀਇਜ਼ਮ ਜਾਂ ਸੁਪੱਰੀਚੁਲਿਜ਼ਮ, ਭਾਵੇਂ ਪੂਰਬ ਦਾ ਬਰਹਮੂ ਸਮਾਜ ਜਾਂ ਆਰਯਾ ਸਮਾਜ ਜਾਂ ਕੋਈ ਹੋਰ ਤਹਰੀਕ, ਉਹਨਾਂ ਸਾਰਿਆਂ ਵਿੱਚ ਇਹ ਗੱਲ ਸਾਂਝੇ ਤੌਰ'ਤੇ ਦਿਸਦੀ ਹੈ ਕਿ ਉਹ ਇਲਾਹੀ ਕਲਾਮ, ਦੁਆ ਦੀ ਪਰਵਾਨਗੀ ਅਤੇ ਇਲਾਹੀ ਚਮਤਕਾਰਾਂ ਤੋਂ ਇਨਕਾਰੀ ਹਨ । ਇਹੋ ਉਹ ਸਮਾਂ ਹੈ ਜੋ ਇਸਲਾਮ ਲਈ ਅਤਿਅੰਤ ਨਾਜ਼ੁਕ ਅਤੇ ਔਕੜਾਂ ਭਰਪੂਰ ਸੀ । ਜਿਸਦੇ ਸਿੱਟੇ ਵਿੱਚ ਇਸਲਾਮ ਦੇ ਬੁੱਧੀਜੀਵੀਆਂ ਨੇ ਯੋਰਪੀਅਨ ਫ਼ਲਸਫ਼ੇ ਤੋਂ ਪ੍ਰਭਾਵਤ ਹੋਕੇ ਆਪਣੀ ਬੁੱਧੀ ਅਨੁਸਾਰ ਇਸਲਾਮ ਪੇਸ਼ ਕੀਤਾ, ਜਿਸ ਦੇ ਅਨੁਸਾਰ ਵਹੀ ਤੇ ਇਲਾਹੀ ਕਲਾਮ ਕੇਵਲ ਇਕ ਮਨੁੱਖੀ ਅਭਿਆਸ ਬਣਕੇ ਰਹਿ ਗਿਆ । ਦੁਆ ਦੀ ਪ੍ਰਵਾਨਗੀ ਨੂੰ ਕੇਵਲ ਇਕ ਨਫ਼ਸਾਨੀ ਅਵਸਥਾ ਮਿੱਥਿਆ ਗਿਆ । ਫਿਰ ਅਜਿਹੀਆਂ ਤਹਰੀਕਾਂ

ਅਰੰਭ ਹੋਈਆਂ ਕਿ ਇਸਲਾਮ ਦੇ ਨਾਂ ’ਤੇ ਮੁਸਲਮਾਨਾਂ ਨੂੰ ਇਕ ਕੌਮ ਦੇ ਰੂਪ ਵਿੱਚ ਇਕਤੱਰ ਕਰਕੇ ਇਕ ਵਿਸ਼ਵ ਵਿਆਪੀ ਹਕੂਮਤ ਦੀ ਸਥਾਪਨਾ ਦੇ ਜਤਨ ਕੀਤੇ ਜਾਣ ।

ਭਾਵ ਇਸ ਸਾਰੀ ਪਿੱਠ ਭੂਮਿ ਤੋਂ ਦੋ ਗੱਲਾਂ ਨਿਤੱਰ ਕੇ ਸਾਡੇ ਸਾਹਮਣੇ ਆਉਂਦੀਆਂ ਹਨ ਕਿ ਉਨ੍ਹੀਵੀਂ ਸਦੀ ਵਿੱਚ ਪੈਦਾ ਹੋਣ ਵਾਲੀਆਂ ਸਾਰੀਆਂ ਧਾਰਮਕ ਜੱਥੇ ਬੰਦੀਆਂ ਇਸ ਗੱਲ ਦਾ ਪ੍ਰਮਾਣ ਦਿੰਦੀਆਂ ਹਨ ਕਿ ਹਰ ਧਰਮ ਦੇ ਪੈਰੋਕਾਰਾਂ ਵਿੱਚ ਇਕ ਵਿਸ਼ੇਸ਼ ਬੇਚੈਨੀ, ਚਿੰਤਾ ਤੇ ਨਿਰਾਸ਼ਾ ਪਾਈ ਜਾਂਦੀ ਸੀ ਅਤੇ ਹਰ ਧਰਮ ਵਾਲੇ ਆਪਣੇ ਆਪਣੇ ਢੰਗਾਂ ਨਾਲ ਇਕ ਮਹਾਨ ਰੂਹਾਨੀ ਸੁਧਾਰਕ ਦੇ ਉਡੀਕਵਾਨ ਤੇ ਮੁਥਾਜ ਸਨ । ਦੂਜੀ ਗੱਲ ਇਹ ਕਿ ਸਿਵਾਏ ਅਹਮਦੀਆ ਮੁਸਲਿਮ ਜਮਾਤ ਦੇ ਕਿਸੇ ਹੋਰ ਤਹਰੀਕ ਦੇ ਬਾਨੀ ਦਾ ਇਹ ਦਾਵਾ ਨਹੀਂ ਸੀ ਕਿ ਉਸਨੂੰ ਰੱਬ ਵੱਲੋਂ ਨਿਯੁਕਤ ਕੀਤਾ ਗਿਆ ਹੈ । ਸੋ, ਬਾਨੀ ਜਮਾਤ ਅਹਮਦੀਆ ਅਲੈਹਿ ਸਲਾਮ ਫ਼ਰਮਾਉਂਦੇ ਹਨ :-

“ਰੱਬ ਨੇ ਇਸ ਯੁੱਗ ਨੂੰ ਅੰਧਕਾਰ ਵਿੱਚ ਦੇਖਕੇ ਅਤੇ ਦੁਨੀਆ ਨੂੰ ਗ਼ਫ਼ਲਤ, ਕੁਫ਼ਰ ਤੇ ਸ਼ਿਰਕ ਵਿੱਚ ਗੜੂੰਦ ਦੇਖਕੇ ਅਤੇ ਈਮਾਨ, ਸਚੱਾਈ, ਸੰਜਮਤਾ ਤੇ ਰਾਸਤਬਾਜ਼ੀ ਨੂੰ ਨਸ਼ਟ ਹੁੰਦਿਆਂ ਅਵਲੋਕਨ ਕਰਕੇ ਮੈਂਨੂੰ ਭੇਜਿਆ ਹੈ, ਤਾਂ ਜੋ ਉਹ ਮੁੜ ਦੁਨੀਆ ਵਿੱਚ ਗਿਆਨ, ਕਰਮ, ਆਚਰਣ ਤੇ ਈਮਾਨੀ ਸਚੱਾਈ ਨੂੰ ਕਾਇਮ ਕਰੇ ।” (ਆਈਨਾਏ ਕਮਾਲਾਤੇ ਇਸਲਾਮ ਪੰਨਾ 251)

ਇਸੇ ਪ੍ਰਕਾਰ ਆਪ ਫ਼ਰਮਾਉਂਦੇ ਹਨ :-

“ਅਤੇ ਇਸ ਮੰਤਵ ਲਈ ਰੱਬ ਨੇ ਮੈਂਨੂੰ ਨਿਯੁਕਤ ਕੀਤਾ ਹੈ ਕਿ ਮੈਂ ਉਹਨਾਂ ਸਾਰੀਆਂ ਗ਼ਲਤੀਆਂ ਨੂੰ ਦੂਰ ਕਰਕੇ ਅਸਲੀ ਇਸਲਾਮ ਫਿਰ ਦੁਨੀਆ ਵਿੱਚ ਕਾਇਮ ਕਰਾਂ ।” (ਅਹਮਦੀ ਅਤੇ ਗ਼ੈਰ ਅਹਮਦੀ ਵਿੱਚ ਕੀ ਅੰਤਰ ਹੈ ਪੰਨਾ 16 )

ਬਾਨੀ ਅਹਮਦੀਆ ਮੁਸਲਿਮ ਜਮਾਤ ਦਾ ਸੰਦੇਸ਼ ਕੇਵਲ ਮੁਸਲਮਾਨਾਂ ਲਈ ਵਿਸ਼ੇਸ਼ ਨਹੀ ਸੀ ਸਗੋਂ ਪੂਰਬ ਤੇ ਪਛੱਮ ਦੀਆਂ ਸਾਰੀਆਂ ਕੌਮਾਂ

ਸੰਬੋਧਨ ਹਨ । ਅਰਥਾਤ ਆਪ ਮਊਦ ਅਕਵਾਮੇ ਆਲਮ (ਵਿਸ਼ਵ ਦੇ ਸਾਰਿਆਂ ਧਰਮਾ ਦੀਆਂ ਭਵਿੱਖਬਾਣੀਆਂ ਅਨੁਸਾਰ ਸੁਧਾਰਕ) ਹਨ । ਇਸ ਲਈ ਆਪ ਜੀ ਫ਼ਰਮਾਉਂਦੇ ਹਨ :-

"ਮੈਂ ਉਹਨਾਂ ਗੁਨਾਹਾਂ (ਪਾਪਾਂ) ਨੂੰ ਦੂਰ ਕਰਨ ਲਈ ਜਿਨ੍ਹਾਂ ਨਾਲ ਧਰਤੀ ਭਰ ਗਈ ਹੈ ਜਿਵੇਂ ਕਿ ਮਸੀਹ ਇਬਨੇ ਮਰਯੱਮ ਦੇ ਰੂਪ ਵਿੱਚ ਹਾਂ, ਅਜਿਹਾ ਹੀ ਰਾਜਾ ਕ੍ਰਿਸ਼ਨ ਦੇ ਰੂਪ ਵਿੱਚ ਵੀ ਹਾਂ ਜੋ ਹਿੰਦੂ ਧਰਮ ਦੇ ਸਾਰਿਆਂ ਅਵਤਾਰਾਂ ਵਿੱਚੋਂ ਇਕ ਮਹਾਨ ਅਵਤਾਰ ਸੀ । ਜਾਂ ਇਉਂ ਆਖਣਾ ਚਾਹੀਦਾ ਹੈ ਕਿ ਰੂਹਾਨੀ ਤੌਰ 'ਤੇ ਮੈਂ ਉਹੋ ਹੀ ਹਾਂ । ਇਹ ਮੇਰੇ ਵਿਚਾਰ ਤੇ ਅਨੁਮਾਨ ਨਹੀਂ ਸਗੋਂ ਉਹ ਰੱਬ ਜੋ ਧਰਤੀ ਤੇ ਅਕਾਸ਼ਾਂ ਦਾ ਰੱਬ ਹੈ ਉਸ ਨੇ ਮੇਰੇ ਉਪੱਰ ਪ੍ਰਗਟ ਕੀਤਾ ਹੈ । ਨ ਕੇਵਲ ਇਕ ਵਾਰੀ ਸਗੋਂ ਕਈ ਵਾਰ ਮੈਂਨੂੰ ਦਸਿਆ ਹੈ ਕਿ ਤੂੰ ਹਿੰਦੁਆਂ ਲਈ ਕ੍ਰਿਸ਼ਨ ਅਤੇ ਮੁਸਲਮਾਨਾਂ ਤੇ ਈਸਾਈਆਂ ਲਈ ਮਸੀਹ ਮਊਦ ਹੈ ।" (ਲੈਕਚਰ ਸਿਆਲਕੋਟ ਪੰਨਾ 20)

ਅਹਮਦੀਆ ਮੁਸਲਿਮ ਜਮਾਤ ਦਾ ਸਦੀਵੀਂ ਕੇਂਦਰ **ਕਾਦੀਆਂ**, ਜ਼ਿਲਾ- ਗੁਰਦਾਸਪੁਰ ਹੈ ਜੋ ਬਟਾਲੇ ਤੋਂ ਉਤੱਰ ਪੂਰਬ ਵੱਲ 18 ਕਿਲੋਮੀਟਰ ਦੀ ਦੂਰੀ ਉਪੱਰ ਸਥਿਤ ਹੈ । ਅਹਮਮਦੀਆ ਮੁਸਲਿਮ ਜਮਾਤ ਦੇ ਬਾਨੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਪੰਜਾਬ ਦੇ ਇਕ ਪ੍ਰਸਿੱਧ ਮੁਗ਼ਲ ਪਰਿਵਾਰ ਨਾਲ ਸੰਬੰਧ ਰੱਖਦੇ ਸਨ ਫ਼ਾਰਸੀ ਨਸਲ ਵਿੱਚੋਂ ਸਨ । ਜੋ ਮੁਗ਼ਲ ਕਾਲ ਤੋਂ ਲੈਕੇ ਅੱਜ ਤੱਕ ਆਪਣੇ ਖੇਤਰ ਵਿੱਚ ਆਪਣੀ ਮਰਿਆਦਾ, ਸੂਝਬੂਝ, ਮਾਨ-ਸਮੱਾਨ ਅਤੇ ਪ੍ਰਭਾਵ ਕਰਕੇ ਵਿਸ਼ੇਸ਼ ਰਿਹਾ ਹੈ । ਆਪ 13 ਫ਼ਰਵਰੀ 1835 ਈ. ਵਿੱਚ ਪੈਦਾ ਹੋਏ । ਬਚਪਨ ਤੋਂ ਹੀ ਆਪ ਦਾ ਮਨ ਇਲਾਹੀ ਬੰਦਗੀ ਵੱਲ ਲਗਿਆ ਹੋਇਆ ਸੀ । ਭਾਵੇਂ ਆਪ ਜੀ ਨੇ ਕਿਸੇ ਮਦਰਸੇ ਵਿੱਚ ਸਿੱਖਿਆ ਪ੍ਰਾਪਤ ਨਹੀਂ ਕੀਤੀ ਪਰ ਘਰ ਵਿੱਚ ਹੀ ਕੁਝ ਅਧਿਆਪਕਾਂ ਤੋਂ ਕੁਝ ਫ਼ਾਰਸੀ ਅਤੇ ਕੁਝ ਅਰਬੀ ਦੀਆਂ ਕਿਤਾਬਾਂ ਪੜ੍ਹੀਆਂ । ਆਪ ਜੀ ਦਾ ਧਿਆਨ ਕਿਉਂਕਿ ਬਹੁਤਾ ਧਰਮ ਵੱਲ ਸੀ ਪਰ ਆਪਣੇ ਪਿਤਾ ਹਜ਼ਰਤ ਮਿਰਜ਼ਾ ਗ਼ੁਲਾਮ ਮੁਰਤਜ਼ਾ ਸਾਹਬ ਦੇ ਜ਼ੋਰ ਦੇਣ ਕਰਕੇ ਉਹਨਾਂ ਦੀ ਆਗਿਅਕਾਰੀ ਕਰਦੇ ਹੋਏ

ਜ਼ਿਮੀਦਾਰੀ ਦਾ ਕੰਮ ਕੁਝ ਸਮਾਂ ਕੀਤਾ ਪਰ ਸੁਭਾਵਕ ਮੇਲ ਨ ਹੋਣ ਕਰਕੇ ਬਹੁਤਾ ਚਿਰ ਨਿਭਾ ਨ ਸਕੇ । ਆਪ ਜੀ ਨੇ ਆਪਣੇ ਪਿਤਾ ਜੀ ਦੀ ਇੱਛਿਆ ਕਰਕੇ ਹੀ 1864 ਤੋਂ ਲਗਭਗ ਚਾਰ ਸਾਲ ਤੱਕ ਸਿਆਲਕੋਟ ਵਿੱਚ ਸਰਕਾਰੀ ਨੌਕਰੀ ਵੀ ਕੀਤੀ । ਇਸ ਸਾਰੇ ਸਮੇਂ ਵਿੱਚ ਆਪ ਨੇ ਧਾਰਮਕ ਤੇ ਆਚਰਣ ਦੇ ਪੱਖੋਂ ਹਰ ਪ੍ਰਕਾਰ ਦਾ ਅਜਿਹਾ ਉੱਚ ਨਮੂਨਾ ਦਿਖਾਇਆ ਕਿ ਆਪਣੇ ਤੇ ਬਿਗਾਨੇ ਸਾਰੇ ਹੀ ਆਪ ਦੇ ਗੁਣ ਗਾਉਂਦੇ ਸਨ । 1876 ਈ. ਤੋਂ ਆਪ ਜੀ ਦੇ ਪਬਲਿਕ ਜੀਵਨ ਦਾ ਅਰੰਭ ਇਸ ਪ੍ਰਕਾਰ ਹੋਇਆ ਕਿ ਪਛੱਮੀ ਸਭਿਅਤਾ ਦੇ ਪ੍ਰਭਾਵ ਹੇਠ ਹਰ ਕੌਮ ਤੇ ਜਾਤੀ ਵਿੱਚ ਨਾਸਤਿਕਤਾ ਤੇ ਭੌਤਿਕਤਾ ਦੇ ਵਿਸ਼ ਨੂੰ ਫੈਲਦਿਆਂ ਦੇਖਕੇ ਆਪਨੇ ਆਪਣੀ ਧੁੰਮ ਪਾ ਦੇਣ ਵਾਲੀ ਕਿਤਾਬ "ਬ੍ਰਾਹੀਨ ਅਹਮਦੀਆ" ਲਿਖਣੀ ਅਰੰਭ ਕੀਤੀ ਜਿਸ ਵਿੱਚ ਇਲਹਾਮ (ਇਲਾਹੀ ਕਲਾਮ) ਦੀ ਲੋੜ ਤੇ ਉਸ ਦੀ ਵਾਸਤਵਿਕਤਾ, ਇਸਲਾਮ ਦੀ ਸਚੱਾਈ ਅਤੇ ਕੁਰਆਨ ਦੀ ਵਡਿਆਈ, ਰੱਬ ਦੀ ਕੁਦਰਤ ਅਤੇ ਉਸਦੇ ਗਿਆਨ ਦੀ ਵਿਸ਼ਾਲਤਾ ਅਤੇ ਉਸ ਦੇ ਖ਼ਾਲਕ ਤੇ ਮਾਲਕ ਹੋਣ ਉਪੱਰ ਅਤਿਅੰਤ ਠੋਸ, ਸੂਖਮ ਤੇ ਗਿਆਨ ਭਰਪੂਰ ਚਰਚਾ ਕੀਤੀ । ਇਸ ਦੇ ਨਾਲ ਹੀ ਆਪਣੇ ਅਨੇਕਾਂ ਇਲਹਾਮ ਵੀ ਦਰਜ ਕੀਤੇ ਜੋ ਇਕ ਪਾਸੇ ਤਾਂ ਆਪ ਦੇ ਦਾਵੇ ਦੇ ਪ੍ਰਮਾਣ ਵੱਜੋਂ ਸਨ ਅਤੇ ਦੂਜੇ ਪਾਸੇ ਉਹਨਾ ਵਿੱਚ ਭਵਿੱਖ ਬਾਰੇ ਮਹਾਨ ਭਵਿੱਖਬਾਣੀਆਂ ਸਨ ।

ਇਸ ਦੇ ਮਗਰੋਂ ਤਾਂ ਆਪ ਨੇ ਆਪਣਾ ਸਾਰਾ ਜੀਵਨ ਇਸਲਾਮ ਦੀ ਇਸ਼ਾਅਤ ਤੇ ਪ੍ਰਸਾਰ, ਮਖ਼ਲੂਕ ਦੇ ਸੁਧਾਰ ਅਤੇ ਮਾਨਵਤਾ ਦੀ ਸੇਵਾ ਵਿੱਚ ਲੰਘਾ ਦਿੱਤਾ । ਆਪਣੀਆਂ 80 ਤੋਂ ਵੱਧ ਕਿਤਾਬਾਂ ਵਿੱਚ ਉਕਤੀਆਂ, ਜੁਗਤੀਆਂ, ਪਰਖ ਤੇ ਚਮਤਕਾਰਾਂ ਦੇ ਢੇਰ ਲਾ ਦਿੱਤੇ । ਆਪਣੇ ਇਸ ਮਿਸ਼ਨ ਦੀ ਪੂਰਨਤਾ ਲਈ ਆਪ ਨੇ ਹਰ ਪ੍ਰਕਾਰ ਦੇ ਵਿਰੋਧਤਾਵਾਂ ਦੇ ਝਖੱੜਾਂ ਦਾ ਅਤਿਅੰਤ ਦਲੇਰੀ ਤੇ ਨਿਸ਼ਠਾ ਨਾਲ ਮੁਕਾਬਲਾ ਕੀਤਾ । ਨ ਕੇਵਲ ਇਹ ਕਿ ਆਪ ਨੇ ਆਪਣਾ ਸਾਰਾ ਜੀਵਨ ਪੂਰਨ ਸੰਸਾਰ ਵਿੱਚ ਮਿਲਵਰਤਨ ਤੇ ਏਕਤਾ ਪੈਦਾ ਕਰਨ ਅਤੇ ਉਹਨਾਂ ਦਾ ਸੰਬੰਧ ਜੀਉਂਦੇ ਰੱਬ ਨਾਲ ਪੈਦਾ ਕਰਨ ਲਈ ਵਕਫ਼ ਕਰ ਦਿੱਤਾ, ਸਗੋਂ ਇਸ ਮੁਹਿਮ ਨੂੰ ਜਾਰੀ ਰਖੱਣ ਲਈ ਇਕ ਕ੍ਰਿਆਸ਼ੀਲ ਜਮਾਤ ਦੀ ਸਥਾਪਨਾ ਕਰ ਦਿੱਤੀ

ਜਿਸ ਦੇ ਰੋਮ ਰੋਮ ਵਿੱਚ ਹੱਕ, ਸਚੱਾਈ ਅਤੇ ਸੇਵਾ ਭਾਵਨਾ ਰਚੀ ਹੋਈ ਹੈ। ਹਕੀਕਤ ਇਹ ਹੈ ਕਿ ਉਨ੍ਹੀਂਵੀਂ ਸਦੀ ਵਿੱਚ ਪੈਦਾ ਹੋਣ ਵਾਲੀਆਂ ਸਾਰੀਆਂ ਧਾਰਮਕ ਲਹਿਰਾਂ ਵਿੱਚੋਂ ਅਹਮਦੀਆ ਮੁਸਲਿਮ ਜਮਾਤ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਹ ਕਿਸੇ ਮਨੁੱਖ ਦੇ ਹੱਥ ਦਾ ਲਾਇਆ ਹੋਇਆ ਬੂਟਾ ਨਹੀਂ ਹੈ । ਸਗੋਂ ਕੇਵਲ ਰੱਬ ਵੱਲੋਂ ਕਾਇਮ ਕੀਤੀ ਜਮਾਤ ਹੈ ਜੋ ਰੱਬ ਦੀ ਅਵਾਜ਼ ਉਪੱਰ ਕੰਨ ਧਰਦੀ ਹੈ । ਉਸ ਤੋਂ ਦੁਆ ਮੰਗਦੀ ਹੈ ਅਤੇ ਦੁਆ ਦੀ ਪਰਵਾਨਗੀ ਉਪੱਰ ਵਿਸ਼ਵਾਸ ਰੱਖਦੀ ਹੈ । ਉਹ ਇਸ ਗੱਲ ਉਪੱਰ ਵੀ ਵਿਸ਼ਵਾਸ ਰੱਖਦੀ ਹੈ ਕਿ ਰੱਬ ਪਹਿਲੇ ਜੁਗਾਂ ਵਿੱਚ ਵੀ ਨੇਕ ਬੰਦਿਆਂ ਨਾਲ ਬੋਲਦਾ ਸੀ ਅਤੇ ਸਾਡੇ ਇਸ ਜੁੱਗ ਵਿੱਚ ਬੋਲਦਾ ਹੈ । ਆਪ ਜੀ ਫ਼ਰਮਾਉਂਦੇ ਹਨ :-

ਵੋਹ ਖ਼ੁਦਾ ਅਬ ਭੀ ਬਨਾਤਾ ਹੈ ਜਿਸੇ ਚਾਹੇ ਕਲੀਮ ।
ਅਬ ਭੀ ਉਸਸੇ ਬੋਲਤਾ ਹੈ ਜਿਸਸੇ ਵੋਹ ਕਰਤਾ ਹੈ ਪਿਆਰ ।।

ਉਹ ਪਹਿਲਾਂ ਵੀ ਆਪਣੇ ਬੰਦਿਆਂ ਦੀਆਂ ਦੁਆਵਾਂ ਸੁਣਦਾ ਸੀ ਅਤੇ ਹੁਣ ਵੀ ਸੁਣਦਾ ਹੈ । ਪਹਿਲਾਂ ਵੀ ਆਪਣੀਆਂ ਕਾਇਮ ਕੀਤੀਆਂ ਜਮਾਤਾਂ ਨੂੰ ਬਿਨਾਂ ਭੋਤਿਕ ਸਾਧਨਾਂ ਦੇ ਵਿਜੇਈ ਕਰਦਾ ਰਿਹਾ ਅਤੇ ਅੱਜ ਦੇ ਵਿਗਿਆਨਿਕ ਤੇ ਟੈਕਨਾਲੋਜੀ ਦੇ ਤਰੱਕੀ ਭਰਪੂਰ ਜੁੱਗ ਵਿੱਚ ਵੀ ਆਪਣੀ ਕਾਇਮ ਕੀਤੀ ਇਸ ਰੂਹਾਨੀ ਜਮਾਤ ਨੂੰ ਗ਼ਲਬਾ ਦੇਵੇਗਾ ।

ਬਾਨੀ ਅਹਮਦੀਆ ਮੁਸਲਿਮ ਜਮਾਤ ਨੇ ਇਹ ਰੂਹਾਨੀ ਹਕੀਕਤਾਂ ਕੇਵਲ ਵਿਚਾਰਧਾਰਾ ਦੀ ਦ੍ਰਿਸ਼ਟੀ ਨਾਲ ਪੇਸ਼ ਨਹੀਂ ਕੀਤੇ ਸਗੋਂ ਇਲਾਹੀ ਹੁਕਮ, ਦੁਆ ਦੀ ਪਰਵਾਨਗੀ, ਚਮਤਕਾਰ, ਉਕਤੀਆਂ ਤੇ ਜੁਗਤੀਆਂ ਦੇ ਜੀਉਂਦੇ ਜਾਗਦੇ ਨਮੂਨੇ ਦੁਨੀਆ ਦੇ ਸਾਹਮਣੇ ਪੇਸ਼ ਕੀਤੇ । ਇਸ ਮੰਤਵ ਲਈ 1885 ਈ. ਵਿੱਚ ਅੰਤਰ ਰਾਸ਼ਟਰੀ ਤੌਰ'ਤੇ ਨਿਸ਼ਾਨ ਦਿਖਾਉਣ ਦਾ ਸੱਦਾ ਦਿੱਤਾ ਅਤੇ ਹਰ ਇਕ ਕੌਮ ਦੇ ਲੀਡਰਾਂ, ਆਗੂਆਂ ਤੇ ਸਿਰਕੱਢ ਵਿਅਕਤੀਆਂ ਨੂੰ ਇਸ ਦੇ ਸੱਦੇ ਭੇਜੇ ਗਏ ਕਿ ਉਹ ਇਕ ਸਾਲ ਤੱਕ ਆਪ ਜੀ ਦੇ ਕੋਲ ਕਾਦੀਆਂ ਆ ਕੇ ਰਹਿਣ । ਉਹਨਾਂ ਦੇ ਸਾਰੇ ਖਰਚੇ ਅਸੀਂ ਸਹਿਨ ਕਰਾਂਗੇ । ਜੇਕਰ ਇਸ ਸਾਰੇ ਸਮੇਂ ਵਿੱਚ ਉਹ ਰੱਬ ਦੇ ਨਿਸ਼ਾਨ ਨ ਦੇਖ ਸਕਣ ਤਾਂ ਬੇਸ਼ਕ ਸਾਨੂੰ ਝੂਠਾ ਆਖਣ ਜਾਂ ਜੋ ਚਾਹੁਣ ਦੰਡ ਦੇਣ ।

ਪਰ ਦੁੱਖ ਇਸ ਗੱਲ ਦਾ ਕਿ ਅਵੱਲ ਤਾਂ ਕਿਸੇ ਨੇ ਧਿਆਨ ਨਾਲ ਸੁਣਿਆ ਹੀ ਨਹੀਂ ਅਤੇ ਜੇਕਰ ਕਿਸੇ ਨੇ ਰਜ਼ਾਮੰਦੀ ਪ੍ਰਗਟ ਕੀਤੀ ਵੀ ਤਾਂ ਉਸਨੇ ਬੇਤੁਕੀਆਂ ਸ਼ਰਤਾਂ ਰੱਖ ਦਿੱਤੀਆਂ ਜੋ ਸੂਝਬੂਝ ਤੇ ਨਿਆਂ ਅਤੇ ਧਾਰਮਕ ਪੱਖਾਂ ਦੇ ਖ਼ਿਲਾਫ਼ ਸਨ । ਪਰ ਫਿਰ ਵੀ ਆਪ ਰਾਹੀਂ ਹਜ਼ਾਰਾਂ ਹੀ ਚਮਤਕਾਰ ਪ੍ਰਗਟ ਹੋਏ ਅਤੇ ਹਜ਼ਾਰਾਂ ਹੀ ਪਵਿੱਤਰ ਆਤਮਾਵਾਂ ਨੇ ਆਪ ਨੂੰ ਕਬੂਲ ਕੀਤਾ । ਨ ਕੇਵਲ ਭਾਰਤ ਵਿੱਚ ਸਗੋਂ ਆਪ ਦੇ ਜੀਵਨ ਕਾਲ ਵਿੱਚ ਹੀ ਅਹਮਦੀਅਤ ਪਛੱਮੀ ਦੇਸ਼ਾਂ ਵਿੱਚ ਵੀ ਫੈਲਣ ਲੱਗ ਪਈ । 1908 ਈ. ਵਿੱਚ ਆਪਣੇ ਮਿਸ਼ਨ ਨੂੰ ਅਤਿਅੰਤ ਸਫ਼ਲਤਾ ਨਾਲ ਸੰਪੂਰਨ ਕਰਕੇ ਬਾਨੀ ਅਹਮਦੀਆ ਮੁਸਲਿਮ ਜਮਾਤ ਇਸ ਨਾਸ਼ਵਾਨ ਸੰਸਾਰ ’ਚੋਂ ਪਰਲੋਕ ਸਿਧਾਰ ਗਏ । ਆਪ ਜੀ ਦੇ ਮਗਰੋਂ ਆਪ ਦੇ ਪਹਿਲੇ ਖ਼ਲੀਫ਼ਾ ਤੇ ਉਤੱਰਾਧਿਕਾਰੀ ਹਜ਼ਰਤ ਹਾਫ਼ਜ਼ ਹਾਜੀ ਹਕੀਮ ਮੌਲਾਨਾ ਨੂਰੁੱਦੀਨ ਸਾਹਬ ਹੋਏ ਜੋ ਕਿ ਬਹੁਤ ਵੱਡੇ ਧਾਰਮਕ ਵਿਦਵਾਨ ਅਤੇ ਉੱਚ ਕੋਟਿ ਦੇ ਤਬੀਬ ਸਨ । ਆਪ ਨੇ ਮਹਾਰਾਜਾ ਕਸ਼ਮੀਰ ਕੋਲ ਸ਼ਾਹੀ ਤਬੀਬ ਵੱਜੋਂ ਵੀ ਕੰਮ ਕੀਤਾ ਸੀ । ਛੇ ਸਾਲ ਖ਼ਿਲਾਫ਼ਤ ਦੇ ਅਹੁਦੇ ਉਪੱਰ ਬਿਰਾਜਮਾਨ ਰਹਿਣ ਮਗਰੋਂ ਆਪ ਵੀ ਰੱਬ ਨੂੰ ਪਿਆਰੇ ਹੋ ਗਏ । ਫਿਰ ਰੱਬ ਨੇ ਬਾਨੀ ਅਹਮਦੀਆ ਮੁਸਲਿਮ ਜਮਾਤ ਦੇ ਵੱਡੇ ਸਪੁੱਤਰ ਹਜ਼ਰਤ ਹਾਜੀ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ ਸਾਹਬ ਨੂੰ ਦੂਜਾ ਖ਼ਲੀਫ਼ਾ ਬਣਾਇਆ । ਆਪ 1914 ਈ. ਤੋਂ 1965 ਈ. ਤੱਕ 51 ਸਾਲ ਖ਼ਿਲਾਫ਼ਤ ਦੇ ਅਹੁਦੇ ਉਪੱਰ ਬਿਰਾਜਮਾਨ ਰਹੇ । ਆਪ ਦੀ ਖ਼ਿਲਾਫ਼ਤ ਦਾ ਇਹ ਸਮਾਂ ਅਤਿਅੰਤ ਮਹਾਨ, ਇਨਕਲਾਬ ਭਰਪੂਰ ਅਤੇ ਅਹਮਦੀਆ ਮੁਸਲਿਮ ਜਮਾਤ ਦੀ ਉਨੱਤੀ ਦਾ ਇਤਿਹਾਸਕ ਜੁਗ ਹੈ । ਆਪ ਹੀ ਦੇ ਸਮੇਂ ਵਿੱਚ ਦੇਸ਼ ਦੀ ਵੰਡ ਸਮੇਂ ਚਿਨਿਓਟ ਤੇ ਸਰਗੋਧੇ ਵਿਚਕਾਰ ਅਹਮਦੀਆ ਮੁਸਲਿਮ ਜਮਾਤ ਦੇ ਇਕ ਨਵੇਂ ਕੇਂਦਰ ‘ਰਬਵਾਹ’ ਦੀ ਸਥਾਪਨਾ ਹੋਈ ਜੋ ਪਾਕਿਸਤਾਨ ਦੇ ਜ਼ਿਲਾ ਝੰਗ ਵਿੱਚ ਪੈਂਦਾ ਹੈ । ਇਹ ਸ਼ਹਿਰ ਜੋ ਉਨੱਤੀ ਤੇ ਪ੍ਰਸਿੱਧੀ ਦੀਆਂ ਬੁਲੰਦੀਆਂ ਨੂੰ ਛੂ ਰਿਹਾ ਹੈ ਉਹ ਆਪਣੀ ਉਧਾਰਣ ਆਪ ਹੈ । ਇਸ ਨੂੰ ਵਸਾਉਣ ਤੇ ਪ੍ਰਗਤੀ ਦੇਣ ਵਿੱਚ ਕੇਵਲ ਤੇ ਕੇਵਲ ਜਮਰਤ ਅਹਮਦੀਆ ਦੇ ਲੋਕਾਂ ਦੀ ਲਗਨ, ਮਿਹਨਤ ਤੇ ਜਤਨ ਹਨ । ਖ਼ਲੀਫ਼ਾ ਸਾਨੀ ਦੇ ਸਵਰਗ ਸਿਧਾਰਣ ਮਗਰੋਂ ਨਵੰਬਰ 1965 ਵਿੱਚ ਬਾਨੀ

ਅਹਮਦੀਆ ਮੁਸਲਿਮ ਜਮਾਤ ਦੇ ਪੋਤੇ ਹਜ਼ਰਤ ਮਿਰਜ਼ਾ ਨਾਸਿਰ ਅਹਮਦ ਸਾਹਬ ਜਮਾਤ ਦੇ ਤੀਜੇ ਖ਼ਲੀਫ਼ਾ ਬਣੇ । ਸਤਾਰਾਂ ਸਾਲ ਤੱਕ ਆਪ ਜੀ ਦੇ ਜੁੱਗ ਵਿੱਚ ਅਹਮਦੀਆ ਮੁਸਲਿਮ ਜਮਾਤ ਨੇ ਦੁਨੀਆ ਦੇ ਕੋਨੇ ਕੋਨੇ ਵਿੱਚ ਸਫ਼ਲਤਾ ਪ੍ਰਾਪਤ ਕੀਤੀ । ਆਪ ਜੀ ਦੇ ਪਰਲੋਕ ਗਮਨ ਮਗਰੋਂ 1982 ਈ. ਵਿੱਚ ਬਾਨੀ ਅਹਮਦੀਆ ਮੁਸਲਿਮ ਜਮਾਤ ਦੇ ਇਕ ਹੋਰ ਪੋਤੇ ਹਜ਼ਰਤ ਮਿਰਜ਼ਾ ਤਾਹਿਰ ਅਹਮਦ ਸਾਹਬ ਚੌਥੇ ਖ਼ਲੀਫ਼ਾ ਬਣੇ । ਆਪ ਜੀ ਦੀ ਖ਼ਿਲਾਫ਼ਤ ਦਾ ਸਮਾਂ 21 ਸਾਲ ਰਿਹਾ । ਆਪ ਦੇ ਜੁੱਗ ਵਿੱਚ ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਤ ਉਨੱਤੀ ਦੀਆਂ ਮਨਜ਼ਲਾਂ ਪਾਰ ਕਰਦੀ ਹੋਈ ਅਗਾਂਹ ਵੱਧਦੀ ਗਈ । ਪਾਕਿਸਤਾਨ ਦੇ ਜਨਰਲ ਜ਼ਿਆਉਲ ਹੱਕ ਦੀ ਗ਼ੈਰ ਇਸਲਾਮੀ ਪਾਬੰਦੀਆਂ ਕਾਰਣ ਜੱਦ ਹਰ ਰੋਜ਼ ਦੀ ਦਿਨਚਰਯਾ ਨੂੰ ਇਕ ਕਨੂਨੀ ਜੁਰਮ ਬਣਾ ਦਿੱਤਾ ਗਿਆ ਤਾਂ 1984 ਈ ਵਿੱਚ ਆਪ ਜੀ ਨੂੰ ਲੰਡਨ ਹਿਜਰਤ ਕਰਨੀ ਪਈ । ਜਿੱਥੋਂ ਅਹਮਦੀਅਤ ਦੀ ਪ੍ਰਗਤੀ ਲਈ ਇਕ ਨਵਾਂ ਸ਼ਾਹ ਮਾਰਗ ਮਿਲ ਗਿਆ ।

2003 ਵਿੱਚ ਆਪ ਜੀ ਦੇ ਇਸ ਨਾਸ਼ਵਾਨ ਸੰਸਾਰ ’ਚੋਂ ਕੂਚ ਕਰਕੇ ਪਰਲੋਕ ਸਿਧਾਰ ਜਾਣ ਉਪਰੰਤ ਪੰਜਵੇਂ ਖ਼ਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਖ਼ਿਲਾਫ਼ਤ ਦੇ ਅਹੁਦੇ ਉਪੱਰ ਬਿਰਾਜਮਾਨ ਹੋਏ ਜੋ ਬਾਨੀ ਅਹਮਦੀਆ ਮੁਸਲਿਮ ਜਮਾਤ ਦੇ ਪੜਪੋਤੇ ਹਨ ਤੇ ਜਿਨ੍ਹਾਂ ਬਾਰੇ ਅਲੱਾਹ ਵੱਲੋਂ ਇਲਹਾਮਾਂ ਵਿੱਚ ਇਹ ਖ਼ੁਸ਼ਖ਼ਬਰੀ ਮੌਜੂਦ ਹੈ ਕਿ “ਇੱਨੀ ਮਾਆਕਾ ਯਾ ਮਸਰੂਰ” ਅਰਥਾਤ ਹੇ! ਮਸਰੂਰ ਮੈਂ ਤੇਰੇ ਨਾਲ ਹਾਂ । ਵਾਸਤਵ ਵਿੱਚ ਵਰਤਮਾਨ ਜੁੱਗ ਵਿੱਚ ਅਹਮਦੀਆਂ ਵਿਰੋਧੀ ਹਾਲਾਤਾਂ ਦੇ ਹੁੰਦਿਆਂ ਹੋਇਆਂ ਵੀ ਜਮਾਤ ਅਹਮਦੀਆ ਨੂੰ ਰੱਬ ਦੀ ਵਿਸ਼ੇਸ਼ ਸਹਾਇਤਾ ਤੇ ਕਿਰਪਾ ਦ੍ਰਿਸ਼ਟੀ ਪ੍ਰਾਪਤ ਹੈ । ਆਪ ਉਹਨਾ ਟੀਚਿਆਂ ਤੇ ਮੰਤਵਾਂ ਨੂੰ ਪੂਰਾ ਕਰਨ ਲਈ ਤਨ ਮਨ ਨਾਲ ਜਤਨ ਕਰ ਰਹੇ ਹਨ, ਜਿਨ੍ਹਾਂ ਲਈ ਜਮਾਤ ਕਾਇਮ ਕੀਤੀ ਗਈ ਹੈ । ਉਹਨਾਂ ਟੀਚਿਆਂ ਤੇ ਮੰਤਵਾਂ ਉਪੱਰ ਚਾਨ੍ਹਣਾ ਪਾਉਂਦਿਆਂ ਹੋਇਆਂ ਬਾਨੀ ਅਹਮਦੀਆ ਮੁਸਲਿਮ ਜਮਾਤ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਸਾਹਬ ਕਾਦੀਆਨੀ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿः–

"ਉਹ ਕੰਮ ਜਿਸਦੇ ਲਈ ਰੱਬ ਨੇ ਮੈਨੂੰ ਨਿਯੁਕਤ ਕੀਤਾ ਹੈ ਉਹ ਇਹ ਹੈ ਕਿ ਰੱਬ ਅਤੇ ਉਸਦੀ ਮਖ਼ਲੂਕ ਦੇ ਸੰਬੰਧਾਂ ਵਿੱਚ ਜੋ ਮਲੀਨਤਾ ਪੈ ਗਈ ਹੈ ਉਸ ਨੂੰ ਦੂਰ ਕਰਕੇ ਪ੍ਰੇਮ ਤੇ ਉੱਚ ਆਚਰਣ ਦੇ ਸੰਬੰਧਾਂ ਨੂੰ ਮੁੜ੍ਹ ਕਾਇਮ ਕਰਾਂ ਅਤੇ ਸਚੱਾਈ ਨੂੰ ਪ੍ਰਗਟ ਕਰਕੇ ਧਾਰਮਕ ਜੰਗਾਂ ਦਾ ਅੰਤ ਕਰਕੇ ਮਿਲਵਰਤਨ ਦੀ ਨੀਂਹ ਪਾਵਾਂ । ਉਹ ਧਾਰਮਕ ਸਚੱਾਈਆਂ ਜੋ ਜੋ ਦੁਨੀਆ ਦੀਆਂ ਅਖੱਾਂ 'ਚੋਂ ਅਲੋਪ ਹੋ ਚੁੱਕੀਆਂ ਹਨ ਉਹਨਾਂ ਨੂੰ ਪ੍ਰਗਟ ਕਰ ਦਿਆਂ । ਅਤੇ ਰੂਹਾਨੀਅਤ ਜੋ ਨਫ਼ਸਾਨੀ ਅਨ੍ਹੇਰਿਆਂ ਹੇਠ ਦੱਬ ਗਈ ਹੈ ਉਸਦੇ ਨਮੂਨੇ ਦਿਖਾਵਾਂ । ਰੱਬ ਦੀਆਂ ਸ਼ਕਤੀਆਂ ਜੋ ਮਨੁਖੱ ਅੰਦਰ ਦਾਖ਼ਲ ਹੋ ਕਿ ਧਿਆਨ ਜਾਂ ਦੁਆ ਰਾਹੀਂ ਪ੍ਰਗਟ ਹੁੰਦੀਆਂ ਹਨ, ਉਹਨਾਂ ਨੂੰ ਨ ਕੇਵਲ ਗੱਲਾਂ ਰਾਹੀਂ ਸਗੋਂ ਕਰਨੀ ਰਾਹੀਂ ਉਹਨਾਂ ਦੀ ਅਵਸਥਾ ਵਰਨਣ ਕਰਾਂ ਅਤੇ ਸਭ ਤੋਂ ਵੱਧ ਇਹ ਕਿ ਉਹ ਖ਼ਾਲਸ ਤੇ ਚਮਕਦੀ ਹੋਈ ਤੌਹੀਦ (ਇਕ ਈਸ਼ਵਰਵਾਦ) ਜੋ ਹਰ ਇਕ ਪ੍ਰਕਾਰ ਦੇ ਸ਼ਿਰਕ (ਅਨੇਕ ਈਸ਼ਵਰਵਾਦ) ਦੀ ਮਿਲਾਵਟ ਤੋਂ ਪਾਕ ਹੈ ਜੋ ਇਸ ਸਮੇਂ ਮਿਟ ਚੁਕਿਆ ਹੈ, ਉਸਦਾ ਸਦੈਵੀ ਬੂਟਾ ਕੌਮ ਵਿੱਚ ਫਿਰ ਲਗਾ ਦਿਆਂ । ਇਹ ਸਭ ਕੁਝ ਮੇਰੀ ਸ਼ਕਤੀ ਨਾਲ ਨਹੀ ਹੋਵੇਗਾ ਸਗੋਂ ਉਸ ਸਰਬ ਸ਼ਕਤੀਮਾਨ ਰੱਬ ਦੇ ਬਲ ਰਾਹੀਂ ਹੋਵੇਗਾ ਜੋ ਆਕਾਸ਼ਾਂ ਤੇ ਧਰਤੀ ਦਾ ਰੱਬ ਹੈ" (ਲੈਕਚਰ ਇਸਲਾਮ ਪੰਨਾ 34)

ਇਸੇ ਪ੍ਰਕਾਰ ਆਪ ਫ਼ਰਮਾਉਂਦੇ ਹਨ ਕਿ :-

"ਰੱਬ ਨੇ ਮੈਨੂੰ ਭੇਜਿਆ ਹੈ ਤਾਂ ਜੋ ਮੈਂ ਇਸ ਗੱਲ ਦਾ ਪ੍ਰਮਾਣ ਦਿਆਂ ਕਿ ਜੀਉਂਦੀ ਕਿਤਾਬ ਕੁਰਆਨ ਕਰੀਮ ਹੈ, ਜੀਉਂਦਾ ਧਰਮ ਇਸਲਾਮ ਹੈ ਅਤੇ ਜੀਉਂਦੇ ਰਸੂਲ ਹਜ਼ਰਤ ਮੁਹਮੱਦ ਮੁਸਤਫ਼ਾ ਸਲੱਲਾਹੋ ਅਲੈਹਿ ਵਸਲੱਮ ਹਨ । ਦੇਖੋ ਮੈਂ ਧਰਤੀ ਤੇ ਅਕਾਸ਼ਾਂ ਨੂੰ ਸਾਖੀ ਕਰਕੇ ਕਹਿੰਦਾ ਹਾਂ ਕਿ ਇਹ ਗੱਲਾਂ ਸੱਚੀਆਂ ਹਨ ਅਤੇ ਰੱਬ ਉਹੋ ਇਕ ਰੱਬ ਹੈ ਜੋ ਕਲਮਾ (لَا اِلٰہَ اِلَّا اللّٰہُ مُحَمَّدٌ رَّسُوْلُ اللّٰہِ) "ਲਾ ਇਲਾਹਾ ਇਲੱਲਾਹੋ ਮੁਹਮੱਾਦੁਰ ਰਸੂਲੁੱਲਾਹਿ" ਵਿੱਚ ਵਰਨਣ ਕੀਤਾ ਗਿਆ ਹੈ । (ਰੂਹਾਨੀ ਤੌਰ'ਤੇ) ਜੀਉਂਦਾ ਰਸੂਲ ਉਹੋ ਇਕ ਰਸੂਲ ਹੈ ਜਿਸ ਦੇ ਪੈਰ੍ਹਾਂ ਪਿੱਛੇ ਮੋਏ ਨਵੇ ਸਿਰਿਓਂ ਜੀਉਂਦੇ ਹੋ ਰਹੇ ਹਨ । ਨਿਸ਼ਾਨ (ਚਮਤਕਾਰ) ਪ੍ਰਗਟ ਹੋ ਰਹੇ ਹਨ,

ਬਰਕਤਾਂ ਪੈ ਰਹੀਆਂ ਹਨ ਅਤੇ ਗ਼ੈਬ ਦੇ ਸੋਮੇਂ ਫੁੱਟ ਰਹੇ ਹਨ ।" (ਅਲਹਕਮ **31** ਮਈ **1900** ਈ. ਪੰਨਾ **6** )

ਹਜ਼ਰਤ ਬਾਨੀ ਅਹਮਦੀਆ ਮੁਸਲਿਮ ਜਮਾਤ ਦੇ ਉਪਰੋਕਤ ਕਥਨਾਂ ਤੋਂ ਜਿੱਥੇ ਜਮਾਤ ਅਹਮਦੀਆ ਦੀ ਸਥਾਪਨਾ ਦੀ ਲੋੜ ਸਿੱਧ ਹੁੰਦੀ ਹੈ ਉੱਥੇ ਇਸ ਦੀ ਸਥਾਪਨਾ ਦਾ ਮੰਤਵ ਵੀ ਸਪਸ਼ਟ ਹੋ ਜਾਂਦਾ ਹੈ । ਹੋਰਨਾਂ ਸ਼ਬਦਾਂ ਵਿੱਚ ਅਸੀਂ ਇਉਂ ਵੀ ਆਖ ਸਕਦੇ ਹਾਂ ਕਿ ਦੁਨੀਆਂ ਵਿੱਚੋਂ ਅਮਨ ਉੱਠ ਗਿਆ ਹੈ ਅਤੇ ਅਹਮਦੀਅਤ ਦੁਨੀਆ ਵਿੱਚ ਮਿਲਵਰਤਨ ਤੇ ਅਮਨ ਕਾਇਮ ਕਰਨ ਲਈ ਬਣੀ ਹੈ । ਖ਼ਾਲਕ ਤੇ ਮਖ਼ਲੂਕ ਵਿੱਚ ਮਿਲਾਪ ਨਹੀਂ ਰਿਹਾ । ਰਾਜਾ ਤੇ ਪਰਜਾ ਦੇ ਸੰਬੰਧ ਵਿਗੜ ਗਏ ਹਨ । ਕੌਮਾਂ ਇਕ ਦੂਜੇ ਤੋਂ ਖਾਰ ਖਾਂਦੀਆਂ ਹਨ । ਲੋਕ ਇਕ ਦੂਜੇ ਤੋਂ ਵਿਗੜੇ ਬੈਠੇ ਹਨ। ਹਰ ਸੋਸ਼ਲ ਪ੍ਰਬੰਧ ਵਿੱਚ ਫ਼ਸਾਦ ਦੀ ਬੋ ਆਉਂਦੀ ਹੈ। ਇਸ ਲਈ ਲੋੜ ਹੈ ਕਿ ਖ਼ਾਲਕ ਤੇ ਮਖ਼ਲੂਕ ਵਿੱਚ ਮਿਲਾਪ ਕਰਾਇਆ ਜਾਏ । ਬੰਦਿਆਂ ਵਿੱਚ, ਕੌਮਾਂ ਵਿੱਚ, ਸੁਸਾਇਟੀ ਦੇ ਵੱਖ ਵੱਖ ਤਬਕਿਆਂ ਵਿੱਚ ਅਤੇ ਰਾਜਾ ਤੇ ਪਰਜਾ ਵਿੱਚ ਸੁਲਾਹ ਤੇ ਅਮਨ ਅਤੇ ਪ੍ਰੇਮ ਤੇ ਆਚਰਣ ਦੇ ਸੰਬੰਧਾਂ ਨੂੰ ਮੁੜ੍ਹ ਕਾਇਮ ਕੀਤਾ ਜਾਏ । ਇਹ ਸਿੱਧ ਕੀਤਾ ਜਾਏ ਕਿ ਸਦੈਵੀ ਅਮਨ, ਸ਼ਾਂਤੀ, ਸੱਚੀ ਖ਼ੁਸ਼ਹਾਲੀ ਤੇ ਪੂਰਨ ਮੁਕਤੀ ਹੁਣ ਕੇਵਲ ਅਤੇ ਕੇਵਲ ਮੁਹਮੱਦ ਮੁਸਤਫ਼ਾ ਸਲੱਲਾਹੋ ਅਲੈਹਿ ਵਸਲੱਮ ਦੀ ਗ਼ੁਲਾਮੀ ਤੇ ਪੈਰ੍ਹਵੀ ਨਾਲ ਸੰਬੰਧਤ ਹੈ ।

ਹੁਣ ਪ੍ਰਸ਼ਨ ਇਹ ਹੈ ਕਿ ਇਹ ਇਨਕਲਾਬ ਕਿਵੇਂ ਸੰਭਵ ਹੈ ? ਇਸ ਦਾ ਉਤੱਰ ਇਹ ਹੈ ਕਿ ਅਸਲ ਵਿੱਚ ਇਹ ਸਾਰੇ ਦੰਗੇ, ਫ਼ਸਾਦ, ਜ਼ੁਲਮ, ਪਾਪ, ਅਤਿਆਚਾਰ ਅਤੇ ਅੰਧਕਾਰ ਦੀਆਂ ਹਨ੍ਹੇਰੀਆਂ ਰੱਬ ਉਪੱਰ ਵਿਸ਼ਵਾਸ ਨ ਹੋਣ ਕਰਕੇ ਦੁੀਨੀਆ ਉਪੱਰ ਛਾਈਆਂ ਹੋਈਆਂ ਹਨ । ਜੇਕਰ ਬੰਦਿਆਂ ਦਾ ਰੱਬ ਉਪੱਰ ਪੂਰਨ ਵਿਸ਼ਵਾਸ ਹੋ ਜਾਵੇ ਤਾਂ ਇਹ ਸਾਰੇ ਰੋਗ ਦੂਰ ਹੋ ਜਾਣਗੇ । ਇਸ ਲਈ ਇਸੇ ਵਿਸ਼ਵਾਸ ਦੀ ਦੌਲਤ ਨਾਲ ਮਾਲਾਮਾਲ ਕਰਨ ਲਈ ਅਹਮਦੀਆ ਮੁਸਲਿਮ ਜਮਾਤ ਦੀ ਸਥਾਪਨਾ ਹੋਈ ਹੈ । ਉਹ ਲੋਕ ਜੋ ਅੰਧਵਿਸ਼ਵਾਸਾਂ ਕਰਕੇ ਮੋਇਆਂ ਵਾਂਗ ਹੋ ਗਏ ਹਨ ਇਸ ਜਮਾਤ ਵਿੱਚ ਦਾਖ਼ਲ ਹੋਕੇ ਜੀ ਉੱਠੇ ਹਨ । ਉਹਨਾਂ ਦੇ ਮਨ ਈਮਾਨ ਦੇ ਨੂਰ ਨਾਲ ਭਰ ਗਏ ਹਨ ਅਤੇ ਉਹਨਾਂ ਨੇ ਰੱਬ ਨੂੰ ਦੇਖ ਲਿਆ ਹੈ

ਅਤੇ ਪਾਪਾਂ ਤੋ ਮੁਕਤ ਹੋਕੇ ਅਮਨ, ਸ਼ਾਂਤੀ ਤੇ ਸੁਲਾਹ ਦੇ ਪੂਰਨ ਮੁਜਸਮੇਂ ਬਣ ਗਏ ਹਨ । ਇਸ ਵਿਸ਼ਵਾਸ ਦੀ ਪ੍ਰੀਖਿਆ ਦੁਆਵਾਂ ਦੀ ਪਰਵਾਨਗੀ ਵਿੱਚ ਹੈ । ਯੁਰੋਪ ਦੇ ਫ਼ਿਲਾਸਫ਼ਰ, ਨਵੀ ਕ੍ਰਾਂਤੀ ਦੇ ਮੁਸਲਮਾਨ ਅਤੇ ਅਨੇਕਾਂ ਧਰਮਾ ਵਾਲੇ ਦੁਆ ਦੀ ਪਰਵਾਨਗੀ ਤੋਂ ਇਨਕਾਰੀ ਹੋ ਚੁਕੇ ਸਨ । ਅਜਿਹੇ ਸਮੇਂ ਬਾਨੀ ਅਹਮਦੀਆ ਮੁਸਲਿਮ ਜਮਾਤ ਰੱਬ ਦੇ ਸ਼ੇਰ ਬਣ ਕੇ ਮੈਦਾਨ ਵਿੱਚ ਆਣ ਡਟੇ ਅਤੇ ਦੁਨੀਆਂ ਨੂੰ ਲਲਕਾਰਿਆ ਕਿ ਕੋਈ ਹੈ ਜੋ ਸੱਚੇ ਮਨ ਨਾਲ ਦੁਆ ਦੀ ਪਰਵਾਨਗੀ ਦੀ ਪ੍ਰੀਖਿਆ ਕਰਨੀ ਚਾਹੇ ? ਆਪ ਨੇ ਦੁਆ ਦੀ ਪਰਵਾਨਗੀ ਦੇ ਚਮਤਕਾਰ ਪੇਸ਼ ਕੀਤੇ ਅਤੇ ਦੁਆ ਦੀ ਪਰਵਾਨਗੀ ਵਿੱਚ ਮੁਕਾਬਲੇ ਲਈ ਚੈਲੰਜ ਵੀ ਦਿੱਤਾ । ਆਪ ਜੀ ਦੇ ਮਗਰੋਂ ਆਪ ਦੇ ਖ਼ਲੀਫ਼ਿਆਂ (ਉਤੱਰਾਧਿਕਾਰੀਆਂ) ਨੇ ਵੀ ਇਸ ਚੈਲੰਜ ਨੂੰ ਕਾਇਮ ਰੱਖਿਆ ਅਤੇ ਅਹਮਦੀਆ ਜਮਾਤ ਦੇ ਲੋਕ ਵੀ ਹਰ ਇਕ ਸਚੱਾਈ ਦੇ ਚਾਹਵਾਨ ਨੂੰ ਇਸ ਦਾ ਸੱਦਾ ਦਿੰਦੇ ਹਨ ।

ਇਸੇ ਪ੍ਰਕਾਰ ਅਹਮਦੀਆ ਮੁਸਲਿਮ ਜਮਾਤ ਅੰਤਰ ਰਾਸ਼ਟਰੀ ਧਾਰਮਕ ਭਾਈਚਾਰੇ ਦੀ ਸਥਾਪਨਾ ਦਾ ਮੰਤਵ ਲੈਕੇ ਅਰੰਭ ਹੋਈ ਹੈ, ਤਾਂ ਜੋ ਸਾਰਿਆਂ ਧਰਮਾਂ ਦੇ ਲੋਕ ਇਹਨਾ ਧਾਰਮਕ ਉਸੂਲਾਂ ਉਪੱਰ ਇਕਮੁਠ ਹੋ ਜਾਣ ਜੋ ਸਭ ਵਿੱਚ ਸਾਂਝਾ ਹੋਵੇ । ਵਿਸ਼ੇਸ਼ ਕਰਕੇ ਰੱਬ ਦੇ ਇਕ ਹੋਣ ਦੇ ਅਕੀਦੇ ਉਪੱਰ ਇਕਤੱਰ ਹੋ ਜਾਣ ਤਾਂ ਅੰਤਰ ਰਾਸ਼ਟਰੀ ਭਾਈਚਾਰਾ ਕਾਇਮ ਹੋ ਜਾਏਗਾ । ਅਤੇ ਸਾਰੇ ਹੀ ਇਹ ਜਾਣ ਜਾਣਗੇ ਕਿ ਮੁਸਲਮਾਨਾਂ, ਯਹੂਦੀਆਂ, ਈਸਾਈਆਂ, ਹਿੰਦੂਆਂ ਅਤੇ ਬੁੱਧ ਧਰਮ ਵਾਲਿਆਂ ਦਾ ਰੱਬ ਉਹੋ ਹੀ ਇਕ ਰੱਬ ਹੈ । ਯੁਰੋਪ, ਏਸ਼ੀਆ, ਅਫ਼ਰੀਕਾ ਅਤੇ ਅਮਰੀਕਾ ਦੇ ਰਹਿਣ ਵਾਲਿਆਂ ਦਾ ਉਹੋ ਹੀ ਖ਼ਾਲਕ ਹੈ । ਇਹ ਸਾਰੇ ਹੀ ਆਪਸ ਵਿੱਚ ਭਾਈ ਭਾਈ ਹਨ । ਇਕ ਪਿਤਾ ਦੇ ਪੁਤੱਰ  ਤੇ ਇਕ ਰੱਬ ਦੇ ਸੇਵਾਦਾਰ ।

ਸਾਰਿਆਂ ਧਰਮਾਂ ਵਿੱਚ ਇਕੱਠ ਪੈਦਾ ਕਰਨ ਲਈ ਜਮਾਤ ਅਹਮਦੀਆਂ ਇਹ ਉਸੂਲ ਪੇਸ਼ ਕਰਦੀ ਹੈ ਕਿ ਸਾਰੇ ਨਬੀਆਂ ਅਤੇ ਵੱਡੇ ਵੱਡੇ ਧਰਮਾਂ ਦੇ ਬਾਨੀਆਂ ਅਤੇ ਧਾਰਮਕ ਅਗੁਆਂ ਉਪੱਰ ਈਮਾਨ ਲਿਆਂਦਾ ਜਾਏ । ਜੇਕਰ ਅਹਮਦੀਆ ਮੁਸਲਿਮ ਜਮਾਤ ਵਾਂਗ ਹੋਰਨਾ ਧਰਮਾਂ ਦੇ ਪੈਰੋਕਾਰ ਵੀ ਰੱਬ ਅਤੇ ਉਸਦੇ ਰਸੂਲਾਂ ਉਪੱਰ ਈਮਾਨ ਲੈ ਆਉਣ ਅਤੇ ਉਹਨਾਂ ਵਿੱਚ ਕੋਈ ਮਤਿਭੇਦ ਨ

ਕਰਨ । ਉਹਨਾ ਦੀ ਮਾਨ ਮਰਿਆਦਾ ਦਾ ਸਨਮਾਨ ਕਰਨ ਤਾਂ ਅਵਸ਼ ਹੀ ਦੂਜੇ ਮਤਿਭੇਦ ਵੀ ਹੋਲੀ ਹੋਲੀ ਮੁੱਕ ਜਾਣਗੇ । ਸਾਰਿਆਂ ਧਰਮਾਂ ਦੇ ਪੈਰੋਕਾਰਾਂ ਵਿਚਕਾਰ ਇਕ ਰਿਸ਼ਤਾ, ਸੰਬੰਧ, ਇਕਠ, ਮਿਲਵਰਤਨ ਅਤੇ ਆਪਸੀ ਹਮਦਰਦੀ ਪੈਦਾ ਹੋਵੇਗੀ। ਆਪਸੀ ਮਤਿਭੇਦਾਂ ਨੂੰ ਆਸਾਨੀ ਨਾਲ ਦੂਰ ਕੀਤਾ ਜਾ ਸਕਦਾ ਹੈ।

ਅਹਮਦੀਆ ਮੁਸਲਿਮ ਜਮਾਤ ਅੰਤਰ ਰਾਸ਼ਟਰੀ ਇਕਠ ਲਈ ਇਸ ਉਸੂਲ ਨੂੰ ਅਪਣਾਉਂਦੀ ਹੈ ਅਤੇ ਮਨਵਾਉਂਦੀ ਹੈ ਕਿ ਮਤਿਭੇਦ ਨੂੰ ਬੱਲ ਜਾਂ ਕਿਸੇ ਪ੍ਰਕਾਰ ਦੇ ਦਬਾਉ ਰਾਹੀਂ ਨਹੀਂ ਸਗੋਂ ਦਲੀਲਾਂ ਅਤੇ ਅੰਦਰੂਨੀ ਤਬਦੀਲੀ ਨਾਲ ਮਿਟਾਇਆ ਜਾ ਸਕਦਾ ਹੈ । ਇਸ ਲਈ ਜਰੂਰੀ ਹੈ ਕਿ ਸਾਰੇ ਦੇ ਸਾਰੇ ਇਲਾਹੀ ਇਰਾਦੇ ਦੇ ਸਾਹਮਣੇ ਆਪਣੇ ਸਿਰ ਨਿਵਾ ਲੈਣ ਅਤੇ ਇਸ ਗੱਲ ਲਈ ਹਮੇਸ਼ਾ ਤਿਆਰ ਰਹਿਣ ਕਿ ਜੋ ਵੀ ਰੱਬ ਵੱਲੋਂ ਆਏ ਉਸ ਨੂੰ ਮਨ ਲੈਣ ।

ਅਹਮਦੀਆ ਮੁਸਲਿਮ ਜਮਾਤ ਇਸ ਸੁਨਹਿਰੀ ਉਸੂਲ ਦੀ ਪਾਬੰਦ ਹੈ ਕਿ ਹਰ ਵਿਅਕਤੀ ਨੂੰ ਜੇਕਰ ਆਪਣੇ ਅਕੀਦਿਆਂ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਦੀ ਸੁਤੰਤਰਤਾ ਹੈ, ਪਰ ਅਸੀਂ ਦੂਜਿਆਂ ਦੇ ਨੁਕਸ ਕਢੱਣ ਦੀ ਥਾਂ ਆਪਣੇ ਧਰਮ ਦੀਆਂ ਖ਼ੂਬੀਆਂ ਵਰਨਣ ਕਰੀਏ ।

ਸਾਨੂੰ ਵਿਸ਼ਵਾਸ ਹੈ ਕਿ ਜੇਕਰ ਵੱਖ ਵੱਖ ਧਰਮਾ ਦੇ ਪੈਰੋਕਾਰ ਉਪਰੋਕਤ ਬਹੁਮੁੱਲ ਉਸੂਲਾਂ 'ਤੇ ਇਕੱਠੇ ਤੇ ਕਾਰਬੰਦ ਹੋ ਜਾਣ ਅਤੇ ਉਹਨਾਂ ਨੂੰ ਈਮਾਨਦਾਰੀ ਨਾਲ ਆਪਣੇ ਜੀਵਨ ਵਿੱਚ ਅਪਨਾਉਣ ਅਰਥਾਤ ਇਹ ਕਿ ਉਹ ਸਾਰੇ ਇਕ ਦੂਜੇ ਦੇ ਦ੍ਰਿਸ਼ਟੀਕੋਣ ਨੂੰ ਮਿਤੱਰਤਾ ਤੇ ਮਿਲਵਰਤਨ ਦੇ ਮਹੌਲ ਵਿੱਚ ਸੁਨਣ ਤਾਂ ਅਸੀ ਸਾਰੇ ਉਸ ਦਿਨ ਦੀ ਉਡੀਕ ਕਰ ਸਕਦੇ ਹਾਂ ਜੱਦ ਅਸੀਂ ਸਾਰੇ ਕੇਵਲ ਇਕ ਹੀ ਧਰਮ ਦੇ ਮਨਣ ਵਾਲੇ ਹੋਵਾਂਗੇ । ਅਤੇ ਧਰਮ ਹੋਵੇਗਾ ਮਨੁੱਖਤਾ ਦਾ, ਖ਼ਾਲਕ ਤੇ ਮਖ਼ਲੂਕ ਦੇ ਅਟੁਟ ਬੰਧਨ ਦਾ, ਅਮਨ ਤੇ ਸ਼ਾਂਤੀ ਦਾ, ਹੱਕ ਤੇ ਸਚੱਾਈ ਦਾ । ਇਹੋ ਉਹ ਮੰਤਵ ਹਨ ਜਿੰਨ੍ਹਾਂ ਦੀ ਪੂਰਤੀ ਲਈ ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਤ ਦੇ ਲੋਕ ਤਨ ਮਨ ਧਨ ਨਾਲ ਸੇਵਾ ਵਿੱਚ ਲੱਗੇ ਹੋਏ ਹਨ । ਅਤੇ ਹਰ ਪ੍ਰਕਾਰ ਦੀ ਵਿਰੋਧਤਾ, ਰੁਕਾਵਟਾਂ ਅਤੇ ਸਾਧਨਾਵਾਂ ਦੀਆਂ ਘਾਟ ਹੁੰਦਿਆਂ ਹੋਇਆਂ ਵੀ ਸਫ਼ਲਤਾਵਾਂ ਤੇ ਹੈਰਾਨੀ ਭਰਪੂਰ ਕਾਰਨਾਮੇ ਦਿਖਾ ਰਹੇ ਹਨ ਅਤੇ ਅੱਜ

ਦੁਨੀਆ ਦੇ ਹਰ ਮਹਾਦ੍ਵੀਪ ਵਿੱਚ ਇਹਨਾਂ ਨੇ ਆਪਣੇ ਮਿਸ਼ਨਾਂ ਦਾ ਜਾਲ ਵਿਛਾ ਦਿੱਤਾ ਹੈ ।

ਰੱਬ ਦੀ ਅਪਾਰ ਕਿਰਪਾ ਨਾਲ 2010–2011 ਵਿੱਚ ਵਿਸ਼ਵ ਵਿਆਪੀ ਅਮਹਦੀਆ ਮੁਸਲਿਮ ਜਮਾਤ ਉਪੱਰ ਹੋਣ ਵਾਲੀਆਂ ਰੱਬ ਦੀਆਂ ਅਪਾਰ ਕ੍ਰਿਪਾ ਨਾਲ 202 ਦੇਸ਼ਾਂ ਵਿੱਚ ਜਮਾਤ ਅਹਮਦੀਆ ਦਾ ਪੌਦਾ ਲੱਗ ਚੁੱਕਿਆ ਹੈ । ਇਸ ਸਾਲ ਦੁਨੀਆ ਭਰ ਵਿੱਚ ਪਾਕਿਸਤਾਨ ਤੋਂ ਬਿਨਾ ਨਵੀਆਂ ਕਾਇਮ ਹੋਣ ਵਾਲੀਆਂ ਜਮਾਤਾਂ ਦੀ ਗਿਣਤੀ 839 ਹੈ ਇਸ ਤੋਂ ਬਿਨਾਂ ਵੱਖ ਵੱਖ ਦੇਸ਼ਾਂ ਤੇ ਸ਼ਹਿਰਾਂ ਵਿੱਚ 1118 ਨਵੇਂ ਅਸਥਾਨਾਂ ਉਪੱਰ ਪਹਿਲੀ ਵਾਰ ਜਮਾਤ ਦਾ ਪੌਦਾ ਲੱਗਾ ਹੈ । ਦੌਰਾਨੇ ਸਾਲ ਜਮਾਤ ਨੂੰ ਰੱਬ ਦੀ ਹਜ਼ੂਰੀ ਵਿੱਚ 419 ਮਸਜਿਦਾ ਪ੍ਰਦਾਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਜਿਸ ਵਿੱਚੋਂ 121 ਨਵੀਆਂ ਮਸਜਿਦਾਂ ਬਣਾਈਆਂ ਗਈਆਂ ਅਤੇ 298 ਮਸਜਿਦਾਂ ਬਣੀਆਂ ਬਣਾਈਆਂ ਪ੍ਰਾਪਤ ਹੋਈਆਂ ਅਤੇ ਅਸੀਂ ਫ਼ਖ਼ਰ ਨਾਲ ਆਖ ਸਕਦੇ ਹਾਂ ਕਿ ਅਹਮਦੀਆ ਮੁਸਲਿਮ ਜਮਾਤ ’ਤੇ ਸੂਰਜ ਨਹੀਂ ਡੁਬੱਦਾ । ਪਵਿੱਤਰ ਕੁਰਆਨ ਮਜੀਦ ਦੇ 70 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁਕੇ ਹਨ ।

ਮੁਸਲਿਮ ਟੈਲੀਵੀਜ਼ਨ ਅਹਮਦੀਆ ਰਾਹੀਂ ਪੰਜ ਚੈਨਲਾਂ ਦਾ ਨਿਰੰਤਰ ਪ੍ਰਸਾਰਣ ਅਨੇਕਾਂ ਹੀ ਭਾਗਸ਼ਾਲੀ ਅਤਮਾਵਾਂ ਨੂੰ ਅਹਮਦੀਅਤ ਵਿੱਚ ਦਾਖ਼ਲ ਹੋਣ ਦਾ ਮਾਣ ਪ੍ਰਦਾਨ ਕਰ ਰਿਹਾ ਹੈ । ਅਰਬ ਸੰਸਾਰ ਵੀ ਸੈਂਕੜਿਆਂ ਦੀ ਗਿਣਤੀ ਵਿੱਚ ਬੈਅਤ ਕਰਕੇ ਜਮਾਤ ਵਿੱਚ ਦਾਖ਼ਲ ਹੋ ਰਹੇ ਹਨ । 11 ਦੇਸ਼ਾਂ ਵਿੱਚ ਜਮਾਤ ਅਹਮਦੀਅਤ ਦੇ ਦਰਜਨ ਤੋਂ ਵੱਧ ਅੀਧੁਨਿਕ ਪ੍ਰਿੰਟਿੰਗ ਪ੍ਰੈਸ ਲਗ ਚੁਕੇ ਹਨ । ਇਸਲਾਮ ਦੀ ਉਪਕਾਰ ਭਰਪੂਰ ਸਿੱਖਿਆ ਫੈਲਾਉਣ ਲਈ ਹੁਣ ਤੱਕ 45 ਦੇਸ਼ਾਂ ਦੀਆਂ 31 ਭਾਸ਼ਾਵਾਂ ਵਿੱਚ 621 ਵੱਖ ਵੱਖ ਪੁਸਤਕਾਂ, ਪੰਫ਼ਲੈਟ ਤੇ ਫ਼ੋਲਡਰਜ਼ ਪ੍ਰਕਾਸ਼ਤ ਹੋ ਚੁਕੇ ਹਨ । ਜਿਨ੍ਹਾਂ ਦੀ ਗਿਣਤੀ 2124367 ਹੈ ਇਸ ਤੋਂ ਬਿਨਾ ਏਸ਼ੀਆ ਤੇ ਅਫ਼ਰੀਕਾ ਦੇ ਵੱਖ ਵੱਖ ਦੇਸ਼ ਵਿੱਚ ਜਮਾਤ ਅਹਮਦੀਆ ਦੀ ਵਿਦਿਅਕ ਤੇ ਸਵਾਸਥ ਖੇਤਰਾਂ ਵਿੱਚ ਬਹੁਮੱਲ ਤੇ ਹੈਰਾਨੀ ਭਰਪੂਰ ਸੇਵਾਵਾਂ ਦੀ ਚਮਤਕਾਰਕ

ਸਫ਼ਲਤਾਵਾਂ ਮੂੰਹ ਬੋਲਦੇ ਪ੍ਰਮਾਣ ਹਨ ਕਿ ਜਮਾਤ ਅਹਮਦੀਆ ਰੱਬ ਦੀ ਕਾਇਮ ਕੀਤੀ ਰੂਹਾਨੀ ਜਮਾਤ ਹੈ ਰੱਬ ਦੀ ਤਾਈਦ ਤੇ ਸਹਾਇਤਾ ਇਸ ਦੇ ਨਾਲ ਹੈ।

ਅਹਮਦੀਆ ਮੁਸਲਿਮ ਜਮਾਤ ਦੀ ਦਿਨ ਪ੍ਰਤੀਦਿਨ ਤੇ ਬਿਜਲੀ ਦੀ ਤੇਜ਼ੀ ਵਾਂਗ ਤਰੱਕੀ ਦੇਖ ਕੇ ਵਿਰੋਧੀ ਦੱਲ ਨ ਕੇਵਲ ਪਾਕਿਸਤਾਨ ਤੇ ਭਾਰਤ ਵਿੱਚ ਸਗੋਂ ਪਛੱਮੀ ਦੇਸ਼ਾਂ ਵਿੱਚ ਵੀ ਜਮਾਤ ਦੇ ਖ਼ਿਲਾਫ਼ ਅਨੇਕਾਂ ਹੀ ਝੂਠੇ ਤੇ ਬੇਬੁਨਿਆਦ ਵਹਿਮ ਭਰਮ ਫੈਲਾਕੇ, ਆਤੰਕੀ ਮਨਸੂਬੇ ਬਣਾਕੇ, ਉਪਦ੍ਰਵ ਤੇ ਸਾਜ਼ਸ਼ਾਂ ਘੜਕੇ, ਖ਼ੌਫ਼ ਤੇ ਦੰਗਾ ਫੈਲਾਕੇ, ਮਾਰਧਾੜ ਤੇ ਕਤਲਗੀਰੀ ਦੇ ਹੰਗਾਮੇ ਕਰਕੇ ਜਿਵੇਂ ਕਿ ਨਿਤ ਪਾਕਿਸਤਾਨ ਵਿੱਚ ਦਰਜਨਾਂ ਅਹਮਦੀਆਂ ਨੂੰ ਸ਼ਹੀਦ ਕੀਤਾ ਜਾ ਰਿਹਾ ਹੈ, ਕੇਵਲ ਇਸ ਕਰਕੇ ਕਿ ਉਹ ਰੱਬ ਦੇ ਭੇਜੇ ਹੋਏ ਵਰਤਮਾਨ ਜੁੱਗ ਦੇ ਅਵਤਾਰ, ਮਾਮੂਰ, ਮੁਰਸਲ, ਇਮਾਮ ਮਹਦੀ ਤੇ ਮਸੀਹ ਮਊਦ ’ਤੇ ਈਮਾਨ ਲਿਆਏ ਹਨ । ਲਾਹੌਰ ਦੀਆਂ ਦੋ ਮਸਜਿਦਾਂ ਵਿੱਚ ਇਬਾਦਤ ਵਿੱਚ ਲੱਗੇ ਸੈਂਕੜਿਆ ਨਿਰਦੋਸ਼, ਨਿਹੱਥੇ ਤੇ ਮਾਸੂਮ ਅਹਮਦੀਆਂ ਉਪੱਰ ਗੋਲੀਆਂ ਚਲਾਕੇ ਸ਼ਹੀਦ ਕਰ ਦਿਤੱਾ ਗਿਆ । ਇਹ ਸਾਰੇ ਹੰਗਾਮੇ ਕਰਕੇ ਪਾਕਿਸਤਾਨ ਦੇ ਹੁਕਮਰਾਨ ਅਤੇ ਉਹਨਾਂ ਦੇ ਜ਼ਰਖ਼ਰੀਦ ਮੁਲੱਾ ਰੱਬ ਦੇ ਇਸ ਨੂਰ ਨੂੰ ਆਪਣੇ ਮੂੰਹ ਦੀਆਂ ਫੂਕਾਂ ਨਾਲ ਬੁਝਾਉਣ ਦਾ ਜਤਨ ਕਰ ਰਹੇ ਹਨ । ਵੈਰੀ ਇਹ ਸਮਝਦਾ ਹੈ ਕਿ ਉਹ ਜਮਾਤ ਦੇ ਹੌਸਲਿਆਂ ਨੂੰ ਪਸਤ ਕਰ ਦੇਵੇਗਾ । ਪਰ ਇਹ ਇਲਾਹੀ ਜਮਾਤ ਸਬਰ ਤੇ ਸਹਿਨਸ਼ੀਲਤਾ ਨਾਲ ਅੱਗੇ ਹੀ ਅੱਗੇ ਵੱਧਦੀ ਜਾ ਰਹੀ ਹੈ । ਸਾਡਾ ਵਿਸ਼ਵਾਸ ਹੈ ਕਿ ਰੱਬ ਨਹੀਂ ਰੁਕੇਗਾ ਜੱਦ ਤੱਕ ਉਹ ਆਪਣੇ ਨੂਰ ਨੂੰ ਅੰਤ ਤੱਕ ਨ ਪਹੁੰਚਾ ਦੇਵੇ । ਦੁਸ਼ਮਨ ਦੇ ਮੁਕਦੱਰ ਵਿੱਚ ਸਿਵਾਏ ਹਸਰਤਾਂ ਤੇ ਨਿਹਫ਼ਲਤਾ ਦੇ ਹੋਰ ਕੁਝ ਵੀ ਨਹੀਂ ਕਿਉਂਕਿ ਸਾਡੇ ਸੁਭਾਵ ਵਿੱਚ ਨਾਕਾਮੀ ਹੈ ਹੀ ਨਹੀਂ ।

ਬਾਨੀ ਅਹਮਦੀਆ ਮੁਸਲਿਮ ਜਮਾਤ ਨੇ ਸਾਰੇ ਇਨਕਾਰੀਆਂ ਤੇ ਵਿਰੋਧੀਆਂ ਨੂੰ ਸੰਬੋਧਨ ਕਰਦੇ ਹੋਏ ਆਪਣੀ ਕਿਤਾਬ ‘ਅਰਬਾਈਨ’ ਵਿੱਚ ਲਿਖਿਆ ਹੈ ਕਿ :–

“ਇਹ ਉਹਨਾਂ ਲੋਕਾਂ ਦੀ ਗਲਤੀ ਹੈ ਅਤੇ ਨਿਰੀ ਬਦਕਿਸਮਤੀ ਹੈ ਕਿ ਉਹ ਮੇਰੀ ਤਬਾਹੀ ਚਾਹੁੰਦੇ ਹਨ । ਮੈਂ ਉਹ ਰੁੱਖ ਹਾਂ ਜਿਸਨੂੰ ਹਕੀਕੀ ਮਾਲਕ ਨੇ

ਆਪਣੇ ਹੱਥੀਂ ਲਾਇਆ ਹੈ । ਜੋ ਮਨੁੱਖ ਮੈਂਨੂੰ ਵੱਢਣਾ ਚਾਹੁੰਦਾ ਹੈ ਉਸਦਾ ਸਿੱਟਾ ਸਿਵਾਏ ਇਸਦੇ ਹੋਰ ਕੁਝ ਨਹੀਂ ਕਿ ਉਹ ਕਾਰੂਨ, ਯਹੂਦਾ ਅਸਕਰਯੂਤੀ ਅਤੇ ਅਬੂਜਹਿਲ ਦੇ ਨਸੀਬ ’ਚੋਂ ਕੁਝ  ਭਾਗ ਲੈਣਾ ਚਾਹੁੰਦਾ ਹੈ । ਮੈਂ ਪ੍ਰਤੀ ਦਿਨ ਇਸ ਗੱਲ ਲਈ ਉਡੀਕਵਾਨ ਹਾਂ ਕਿ ਕੋਈ ਮੈਦਾਨ ਵਿੱਚ ਨਿਕਲੇ ਅਤੇ ਨਬੁੱਵਤ ਦੇ ਮਰਗ ਵਿੱਚ ਮੇਰੇ ਨਾਲ ਫ਼ੈਸਲਾ ਕਰਨਾ ਚਾਹੇ । ਫਿਰ ਦੇਖੇ ਰੱਬ ਕਿਸਦੇ ਨਾਲ ਹੈ ----- ਹੇ! ਲੋਕੋ!! ਤੁਸੀਂ ਵਿਸ਼ਵਾਸ ਜਾਣੋ ਕਿ ਮੇਰੇ ਨਾਲ ਉਹ ਹੱਥ ਹੈ ਜੋ ਅੰਤ ਤੱਕ ਮੇਰੇ ਨਾਲ ਵਫ਼ਦਾਰੀ ਕਰੇਗਾ। ਜੇਕਰ ਤੁਹਾਡੇ ਪੁਰੁਸ਼ ਤੁਹਾਡੀਆਂ ਇਸਤਰੀਆਂ ਅਤੇ ਤੁਹਾਡੇ ਸਰੇ ਜਵਾਨ, ਬੁੱਢੇ, ਛੋਟੇ ਅਤੇ ਵੱਡੇ ਸਾਰੇ ਮਿਲਕੇ ਮੇਰੇ ਹਲਾਕ ਹੋਣ ਲਈ ਦੁਆਵਾਂ ਕਰਨ ਇੱਥੋਂ ਤੱਕ ਕਿ ਸਜਦੇ ਕਰਦਿਆਂ ਕਰਦਿਆਂ ਨੱਕ ਵੀ ਸੜ ਜਾਣ ਅਤੇ ਹੱਥ ਸ਼ਿਥਿਲ ਹੋ ਜਾਣ ਤੱਦ ਵੀ ਰੱਬ, ਕਦੇ ਵੀ ਤੁਹਾਡੀ ਦੁਆ ਨਹੀਂ ਸੁਣੇਗਾ ਅਤੇ ਨਹੀਂ ਰੁਕੇਗਾ ਜੱਦ ਤੱਕ ਉਹ ਆਪਣਾ ਕੰਮ ਪੂਰਾ ਨ ਕਰ ਲਵੇ । ਅਤੇ ਜੇਕਰ ਮਨੁੱਖਾਂ ਵਿੱਚੋਂ ਮੇਰੇ ਨਾਲ  ਇਕ ਵੀ ਨ ਹੋਵੇ ਤਾਂ ਰੱਬ ਦੇ ਫ਼ਰਿਸ਼ਤੇ ਮੇਰੇ ਨਾਲ ਹੋਣਗੇ । ਜੇਕਰ ਤੁਸੀਂ ਗਵਾਹੀ ਨੂੰ ਲੁਕਾਓ ਤਾਂ ਪੱਥਰ ਮੇਰੇ ਲਈ ਗਵਾਹੀ ਦੇਣਗੇ। ਇਸ ਲਈ ਆਪਣੀਆਂ ਜਾਨਾਂ ਉਪੱਰ ਜ਼ੁਲਮ ਨ ਕਰੋ। ਝੂਠਿਆਂ ਦੇ ਹੋਰ ਮੂੰਹ ਹੁੰਦੇ ਹਨ ਅਤੇ ਸੱਚਿਆਂ ਦੇ ਹੋਰ -------- ਰੱਬ ਦੇ ਮਾਮੂਰਾਂ (ਰਸੂਲਾਂ) ਦੇ ਆਉਣ ਦੀ ਵੀ ਇਕ ਰੁੱਤ ਹੁੰਦੀ ਹੈ । ਫ਼ਿਰ ਜਾਣ ਦੀ ਵੀ ਇਕ ਰੁੱਤ ਹੁੰਦੀ ਹੈ । ਇਸ ਲਈ ਯਕੀਨ ਜਾਣੋ ਕਿ ਮੈਂ ਨ ਬੇ ਰੁੱਤੇ ਆਇਆਂ ਹਾਂ ਅਤੇ ਨ ਹੀ ਬੇ ਰੁੱਤੇ ਜਾਵਾਂਗਾ । ਰੱਬ ਨਾਲ ਨ ਲੜੋ , ਤੁਹਾਡਾ ਇਹ ਕੰਮ ਨਹੀਂ ਕਿ ਮੈਂਨੂੰ ਤਬਾਹ ਕਰੋ ।” (ਅਰਬਾਈਨ 3 ਪੰਨਾ 16-17)

ਸਦਰ ਪਾਕਿਸਤਾਨ  ਅਤੇ ਉਹਨਾਂ ਦੇ ਚੇਲਿਆਂ ਦੇ ਅਜਿਹੇ ਹੀ ਜਤਨ ਹਨ ਜਿਵੇਂ ਹਜ਼ਰਤ ਇਬਰਾਹੀਮ ਦੇ ਵਿਰੁਧ ਨਮਰੂਦ ਦੀ । ਜਾਂ ਹਜ਼ਰਤ ਮੂਸਾ ਦੇ ਖ਼ਿਲਾਫ਼ ਫ਼ਿਰਔਨ ਦੀ । ਜਾਂ ਰਾਮ ਚੰਦਰ ਜੀ ਦੇ ਵਿਰੁਧ ਰਾਵਣ ਦੀ । ਜਾਂ ਹਜ਼ਰਤ ਕ੍ਰਿਸ਼ਨ ਜੀ ਦੇ ਖ਼ਿਲਾਫ਼ ਕੰਸ ਦੀ ਸੀ । ਜਮਾਤ ਅਹਮਦੀਆ ਦਾ ਮੰਤਵ ਵੀ ਇਹਨਾਂ ਮੁਕਦੱਸ ਨਬੀਆਂ ਅਤੇ ਅਵਤਾਰਾਂ ਦੇ ਮੰਤਵ ਵਾਂਗ ਦੁਨੀਆਵੀ ਤਖ਼ਤ ਵ ਤਾਜ ਦਾ ਹਾਸਲ ਕਰਨਾ ਨਹੀਂ ਸਗੋਂ ਰੂਹਾਨੀ ਬਾਦਸ਼ਾਹੀ ਦੀ ਸਥਾਪਨਾ ਹੈ

ਜਿਸਦੀ ਹੁਕਮਰਾਨੀ ਦਿਲਾਂ ਉਪੱਰ ਹੁੰਦੀ ਹੈ । ਬਾਨੀ ਅਹਮਦੀਆ ਮੁਸਲਿਮ ਜਮਾਤ ਕੀ ਖ਼ੂਬ ਫ਼ਮਾਉਂਦੇ ਹਨ :–

ਮੁਝ ਕੋ ਕਯਾ ਮੁਲਕੋਂ ਸੇ ਮੇਰਾ ਮੁਲਕ ਹੈ ਸਬ ਸੇ ਜੁਦਾ ।
ਮੁਝ ਕੋ ਕਯਾ ਤਾਜੋਂ ਸੇ ਮੇਰਾ ਤਾਜ ਹੈ ਰਿਜ਼ਵਾਨੇ ਯਾਰ ।

ਸੋ, ਜਮਾਤ ਅਹਮਦੀਆ ਕਾਇਮ ਹੋਈ ਹੈ ਬੰਦਿਆਂ ਅਤੇ ਰੱਬ ਦੇ ਸੰਬੰਧਾਂ ਨੂੰ ਜੋੜਨ ਤੇ ਪੱਕਿਆਂ ਕਰਨ ਲਈ । ਹਰ ਕੌਮ ਅਤੇ ਹਰ ਦੇਸ਼ ਹਰ ਰੰਗ ਤੇ ਨਸਲ ਦੇ ਮਨੁੱਖਾਂ ਵਿੱਚ ਅੰਤਰ ਰਾਸ਼ਟਰੀ ਭਾਈਚਾਰਾ, ਇਤਿਹਾਦ, ਇਕੱਠ ਤੇ ਮਿਲਵਰਤਨ ਪੈਦਾ ਕਰਨ ਲਈ । ਅਸਲ ਇਨਸਾਨੀਯਤ (ਮਾਨਵਤਾ) ਦੀ ਸਥਾਪਨਾ ਲਈ । ਦੁਨੀਆ ਦੇ ਸਾਰਿਆਂ ਧਰਮਾਂ ਦੇ ਬਾਨੀਆਂ, ਅਵਤਾਰਾਂ ਅਤੇ ਪੇਸ਼ਵਾਵਾਂ ਦਾ ਮਾਣ ਕਾਇਮ ਕਰਕੇ ਘ੍ਰਿਣਾ, ਨਫ਼ਰਤ, ਈਰਖਾ ਅਕੇ ਮਤਿਭੇਦਾਂ ਨੂੰ ਦੂਰ ਕਰਕੇ ਪ੍ਰੇਮ ਤੇ ਪਿਆਰ ਪੈਦਾ ਕਰਨ ਲਈ । ਇਸੇ ਲਈ ਅੱਜ ਸਾਡਾ ਨਾਰਾ ਹੈ :–

**"ਪ੍ਰੇਮ ਸਾਰਿਆਂ ਲਈ, ਨਫ਼ਰਤ ਕਿਸੇ ਤੋਂ ਨਹੀਂ"**

"LOVE FOR ALL HATERED FOR NONE"

ਇਹਨਾਂ ਉਦੇਸ਼ਿਆਂ ਤੇ ਮੰਤਵਾਂ ਦੀ ਪੂਰਤੀ ਲਈ ਅਸੀਂ ਬਿਨਾਂ ਕਿਸੇ ਧਾਰਮਕ ਮਤਿਭੇਦ ਦੇ ਹਰ ਇਕ ਮਨੁੱਖ ਨੂੰ ਸੱਦਾ ਦਿੰਦੇ ਹਾਂ ਕਿ ਉਹ ਅਮਨ ਸ਼ਾਂਤੀ ਤੇ ਇਤਿਹਾਦ ਦੀ ਸਥਾਪਨਾ ਲਈ ਸਾਡੇ ਨਾਲ ਸ਼ਾਮਲ ਹੋਕੇ ਮਨੁੱਖਤਾ ਦਾ ਸੇਵਾਦਾਰ ਬਣ ਜਾਵੇ । ਕਿਉਂਕਿ ਇਹੋ ਇਕ ਮਾਰਗ ਹੈ ਜਿਸਨੂੰ ਅਪਨਾਉਣ ਨਾਲ ਅੱਜ ਦੁਨੀਆਂ ਵਿੱਚੋਂ ਜ਼ੁਲਮ ਅਤਿਆਚਾਰ, ਅੰਨਿਆ, ਭਰਸ਼ਟਾਚਾਰ ਅਤੇ ਜੰਗਲ ਰਾਜ ਤੋਂ ਛੁਟਕਾਰਾ ਪ੍ਰਾਪਤ ਕਰਕੇ ਦੀਨ ਅਤੇ ਦੁਨੀਆ ਦੋਹਾਂ ਵਿੱਚ ਸਫ਼ਲਤਾ ਤੇ ਅਮਨ ਹਾਸਲ ਕਰ ਸਕਦਾ ਹੈ । ਹਜ਼ਰਤ ਬਾਨੀ ਅਹਮਦੀਆ ਮੁਸਲਿਮ ਜਮਾਤ ਦੇ ਇਸ ਸ਼ੇਅਰ ਨਾਲ ਆਪਣਾ ਵਿਸ਼ਾ ਬੰਦ ਕਰਦਾ ਹਾਂ :–

ਹਰ ਤਰਫ਼ ਆਵਾਜ਼ ਦੇਨਾ ਹੈ ਹਮਾਰਾ ਕਾਮ ਆਜ ।
ਜਿਸਕੀ ਫ਼ਿਤਰਤ ਨੇਕ ਹੈ, ਵੋਹ ਆਏਗਾ ਅੰਜਾਮਕਾਰ ।।

★★★★★★★

ਵਧੇਰੇ ਜਾਨਕਾਰੀ ਲਈ ਸੰਪਰਕ ਕਰੋ :-

Nazarat Nashro Ishaat
Sadr Anjuman Ahmadiyya
Qadian-143516, Punjab, India.
Ph. : 01872-222870, Fax : 220749
Noorul Islam Toll Free no: 180030102131